# ਸਾਡੇ ਇਤਿਹਾਸਿਕ ਅਤੇ ਮਿਥਿਹਾਸਿਕ ਪਾਤਰ



ੳ ਤੋਂ ਹ ਤੱਕ

ਜਗਤਾਰ ਸਿੰਘ ਸੋਖੀ
94171 66386

Scanned by CamScanner

# ਸਾਡੇ ਇਤਿਹਾਸਿਕ ਅਤੇ ਮਿਥਿਹਾਸਿਕ ਪਾਤਰ

Date :
Page :

ਭਾਰਤੀ ਸੱਭਿਅਤਾ ਦੁਨੀਆਂ ਦੀਆਂ ਪੁਰਾਤਨ ਸੱਭਿਅਤਾਵਾਂ ਵਿੱਚੋਂ ਇੱਕ ਹੈ ਜਿਸ ਦੀਆਂ ਸ਼ਾਨਦਾਰ ਅਤੇ ਮਾਣਮੱਤੀਆਂ ਪਰੰਪਰਾਵਾਂ ਹਨ। ਇਹ ਪਰੰਪਰਾਵਾਂ ਆਪਣੇ ਨਾਲ ਅਨੇਕਾਂ ਕਥਾਵਾਂ ਰਾਹੀ ਸਾਨੂੰ ਜੋੜ ਰਹੀਆਂ ਹਨ। ਸਾਡੇ ਸਮਾਜ ਵਿੱਚਲੇ ਹਰ ਵਰਤਾਰੇ ਤੇ ਅਸੀ ਸਾਡੀ ਜ਼ਿੰਦਗੀ ਦੇ ਅਨੇਕਾਂ ਪੱਖਾਂ ਤੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਇਹਨਾਂ ਦਾ ਪ੍ਰਭਾਵ ਹੈ। ਸਾਡੀਆਂ ਸਮਾਜਿਕ ਮਾਨਤਾਵਾਂ, ਸਾਡਾ ਵਿਰਸਾ, ਸਾਡਾ ਮੁਹਾਂਦਰਾ ਇਹਨਾਂ ਤੋਂ ਪ੍ਰਭਾਵਿਤ ਹੈ।

ਸਾਡੇ ਵਡੇਰੇ ਸਾਨੂੰ ਸਾਡੇ ਰਸਤੇ ਤੋਂ ਭਟਕਣ ਲਈ, ਸਾਨੂੰ ਨਵਾਂ ਕੁਝ ਕਰਨ ਲਈ ਪ੍ਰੇਰਣ ਵਾਸਤੇ ਇਤਿਹਾਸਿਕ ਅਤੇ ਮਿਥਿਹਾਸਕ ਨਾਇਕਾਂ ਦੀਆਂ ਕਹਾਣੀਆਂ ਸੁਣਾਉਂਦੇ ਰਹੇ ਨੇ। ਅੱਜ ਕੱਲ ਦੇ ਮਸ਼ੀਨੀ ਯੁੱਗ ਨੇ ਸਾਡਾ ਵਿਰਸਾ, ਸਾਡੇ ਨਾਇਕ, ਸਾਡੇ ਯੋਧੇ ਸਾਡੀਆਂ ਕਹਾਣੀਆਂ ਦੇ ਰੁਮਾਂਟਿਕ ਪਾਤਰਾਂ ਨੂੰ ਸਾਡੇ ਚੇਤਿਆਂ ਵਿੱਚੋਂ ਵਿਸਾਰ ਦਿੱਤਾ ਹੈ।

ਅਜਿਹੇ ਬਹੁਤ ਸਾਰੇ ਪਾਤਰ ਜੋ ਜੋਗੀਆਂ, ਪਾਂਡਿਆਂ, ਫ਼ਕੀਰਾਂ, ਢਾਡੀਆਂ ਆਦਿ ਵੱਲੋਂ ਆਪਣੇ ਬੋਲਾਂ ਅਤੇ ਲਿਖਤਾਂ ਰਾਹੀ ਸਾਂਝੇ ਕੀਤੇ ਜਾਂਦੇ ਸਨ ਹੁਣ ਦੀ ਪੀੜ੍ਹੀ ਲਈ ਪਰੀ ਕਹਾਣੀਆਂ ਦੇ ਪਾਤਰਾਂ ਵਾਂਗ ਅਜੀਬ ਲੱਗਦੇ ਹਨ। ਇਸੇ ਕਰਕੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ 'ਸਾਡੇ ਇਤਿਹਾਸਿਕ ਅਤੇ ਮਿਥਿਹਾਸਕ ਪਾਤਰ' ਸਿਰਲੇਖ ਤਹਿਤ ਇੱਕ ਲੜੀ ਸੋਸ਼ਲ ਮੀਡੀਆ ਤੇ ਚਲਾਈ ਜਾਵੇਗੀ। ਇਹਨਾਂ ਪਾਤਰਾਂ ਬਾਰੇ ਸੰਖੇਪ ਵਿੱਚ । ਪੰਨਾ ਪਾਠਕਾਂ ਸਾਹਮਣੇ ਪੇਸ਼ ਕੀਤਾ ਜਾਵੇਗਾ। ਜੁਗਿਆਸੂ ਪਾਠਕ ਵਿਸਥਾਰ ਜਾਣਨ ਲਈ ਆਪਣੇ ਸ੍ਰੋਤਾਂ ਤੋਂ ਆਪ ਖੋਜ ਕਰਨਗੇ।

— ਜਗਤਾਰ ਸਿੰਘ ਸੋਖੀ
9417166386

Date : ________

Page : ________

ਲੜੀ ਨੰ: 1.

ਅਹਿਦੀ :- ਮੁਗ਼ਲ ਬਾਦਸ਼ਾਹ ਜਲਾਲੁੱਦੀਨ ਅਕਬਰ ਨੇ ਇੱਕ ਕਿਸਮ ਦੇ ਤੀਰ ਅੰਦਾਜ਼ਾਂ ਦਾ ਨਾਮ ਅਹਿਦੀ ਰੱਖਿਆ ਸੀ। ਇਹ ਕਿਸੇ ਵੀ ਫ਼ੌਜ ਦੇ ਘੇਰੇ ਵਿੱਚ ਨਹੀਂ ਸਨ ਆਉਂਦੇ। ਇਹਨਾਂ ਦੀ ਤਨਖਾਹ 20 ਤੋਂ 25 ਰੁਪਏ ਮਹੀਨਾ ਹੋਇਆ ਕਰਦੀ ਸੀ। ਇਹ ਸਵਾਰ ਖ਼ਾਸ-ਖ਼ਾਸ ਮਨਸਬਦਾਰਾਂ ਦੇ ਅਧੀਨ ਰਹਿ ਕੇ ਬਾਦਸ਼ਾਹ ਲਈ ਕਰ ਵਸੂਲ ਕਰਦੇ ਸਨ। ਇਹ ਹੁਕਮ ਦੀ ਤਾਮੀਲ ਕੀਤੇ ਬਿਨ੍ਹਾਂ ਆਪਣਾ ਡੇਰਾ ਨਹੀਂ ਸਨ ਚੁੱਕਦੇ ਅਤੇ ਧਰਨਾ ਮਾਰ ਕੇ ਦਰਵਾਜੇ ਅੱਗੇ ਜੰਮ ਕੇ ਬੈਠੇ ਰਹਿੰਦੇ ਸਨ।

ਕਦੇ ਕਦੇ ਇਹ ਕਰ ਵਸੂਲ ਕਰਨ ਜਾਣ ਵੇਲੇ ਮੰਜੇ ਉੱਪਰ ਬੈਠ ਕੇ ਸਫ਼ਰ ਕਰਦੇ ਸਨ ਅਤੇ ਹਰੇਕ ਪਿੰਡ ਤੋਂ ਵੰਗਾਰ ਪਾ ਕੇ ਮੰਜਾ ਚੁਕਵਾਉਂਦੇ ਸਨ।

ਲੜੀ ਨੰ: 2

ਅਸ਼ੋਕ - ਭਾਰਤ ਵਰਸ਼ ਵਿੱਚ ਇੱਕ ਸੁਤੰਤਰ ਰਾਜ ਮਗਧ ਦੇ ਰਾਜ ਘਰਾਣੇ ਮੌਰੀਆ ਵੰਸ਼ ਦੇ ਰਾਜੇ ਚੰਦਰ-ਗੁਪਤ ਦੇ ਪੁੱਤਰ ਬਿੰਦੁਸਾਰ ਦੇ ਪੁੱਤਰ ਦਾ ਨਾਮ ਅਸ਼ੋਕ ਵਰਧਮਾਨ ਸੀ। ਜਿਸ ਨੂੰ ਸਮਰਾਟ ਅਸ਼ੋਕ ਵੀ ਕਹਿੰਦੇ ਹਨ।

ਰਾਜਾ ਅਸ਼ੋਕ ਬ੍ਰਾਹਮਣਾਂ ਨੂੰ ਬਹੁਤ ਮੰਨਦਾ ਸੀ ਅਤੇ ਸ਼ੈਵ ਸੀ ਪਰ ਫਿਰ ਇਹ ਕਲਿੰਗਾ ਦੇ ਯੁੱਧ ਵਿੱਚ ਭਿਆਨਕ ਵੱਢ-ਟੁੱਕ ਤੋਂ ਉਪਰਾਮ ਹੋ ਕੇ ਬੋਧੀ ਬਣ ਗਿਆ। ਲਗਭਗ 64000 ਬੋਧੀ ਪੁਜਾਰੀ ਇਸ ਦੇ ਆਸਰੇ ਗੁਜ਼ਾਰਾ ਕਰਦੇ ਸਨ। ਇਸ ਨੇ 84000 ਕੀਰਤੀ ਸਤੰਭ ਵੱਖ ਵੱਖ ਥਾਵਾਂ ਤੇ ਖੜੇ ਕੀਤੇ ਜਿੰਨਾਂ ਤੇ ਰਾਜਸੀ ਅਤੇ ਧਾਰਮਿਕ ਹੁਕਮ ਉੱਕਰੇ ਹੋਏ ਸਨ। ਬੁੱਧ ਧਰਮ ਦੇ ਪ੍ਰਚਾਰ ਲਈ ਇਸ ਨੇ ਹੋਰ ਦੇਸ਼ਾਂ ਵੱਲ ਵੀ ਪ੍ਰਚਾਰਕ ਭੇਜੇ। ਇਸ ਨੇ 269 ਤੋਂ 232 ਈ: ਪੂਰਵ ਤੱਕ ਰਾਜ ਕੀਤਾ। ਇਸ ਦੀ ਰਾਜਧਾਨੀ ਪਾਟਲੀਪੁੱਤਰ (ਪਟਨਾ) ਸੀ। ਇਸ ਦਾ ਦੂਜਾ ਨਾਂ ਪ੍ਰਿਆਦਰਸ਼ਨ ਵੀ ਕਿਹਾ ਜਾਂਦਾ ਹੈ।

Scanned by CamScanner

ਲੜੀ ਨੰ: 3

Date : ________

Page : ________

ਅਪਸਰਾ :- ਇੰਦਰ ਦੇ ਅਖਾੜੇ ਦੀਆਂ ਪਰੀਆਂ ਰਮਾਇਣ ਅਤੇ ਪੁਰਾਣਾਂ ਵਿੱਚ ਲਿਖਿਆ ਹੈ ਕਿ ਜਦੋਂ ਦੇਵਤਿਆਂ ਨੇ ਅੰਮ੍ਰਿਤ ਪਰਾਪਤ ਕਰਨ ਲਈ ਸਮੁੰਦਰ ਰਿੜਕਿਆ ਤਾਂ ਵਿੱਚੋਂ ਅਪਸਰਾਂ ਨਿਕਲੀਆਂ ਜਿਨ੍ਹਾਂ ਨੇ ਆਪਣੀ ਮੋਹਨ ਸ਼ਕਤੀ ਨਾਲ਼ ਕਈ ਰਿਸ਼ੀਆਂ ਦਾ ਤਪ ਭੰਗ ਕੀਤਾ। ਰਮਾਇਣ ਅਨੁਸਾਰ ਇਹ ਸਵਰਗ ਲੋਕ ਵਿੱਚ ਉਹਨਾਂ ਯੋਧਿਆਂ ਨੂੰ ਮਿਲਦੀਆਂ ਹਨ ਜੋ ਯੁੱਧ ਵਿੱਚ ਨਿਰਭੈ ਹੋ ਕੇ ਲੜਦੇ ਹੋਏ ਸ਼ਹੀਦ ਹੋਏ ਹੋਣ। ਅਪਸਰਾ ਆਪਣੀ ਸ਼ਕਲ ਵੀ ਬਦਲ ਲੈਂਦੀਆਂ ਸਨ। ਰਮਾਇਣ ਵਿੱਚ ਇਹਨਾਂ ਦੀ ਗਿਣਤੀ 60 ਕਰੋੜ ਹੈ। ਕਾਸ਼ੀ ਖੰਡ ਵਿੱਚ ਇਹਨਾਂ ਦੀ ਗਿਣਤੀ 35 ਕਰੋੜ ਹੈ। ਪਰ ਸਭ ਤੋਂ ਵੱਧ ਮਨਮੋਹਨੀਆਂ 1060 ਹਨ। ਵੇਦਾਂ ਵਿੱਚ ਕੇਵਲ ਉਰਵਸ਼ੀ ਅਪਸਰਾ ਦਾ ਹੀ ਜ਼ਿਕਰ ਹੈ। ਵਾਯੂ ਪੁਰਾਨ ਅਨੁਸਾਰ ਇਹਨਾਂ ਵਿੱਚੋਂ 14 ਦਾ ਜ਼ਿਕਰ ਵਿਸ਼ੇਸ਼ ਹੈ। ਹਰਿ ਵੰਸ਼ ਵਿੱਚ ਕੇਵਲ 7 ਦਾ ਜ਼ਿਕਰ ਹੈ। ਮਨੂੰ ਅਨੁਸਾਰ ਇਹ 7 ਮਨੂਆਂ ਨੇ ਉਤਪੰਨ ਕੀਤੀਆਂ ਅਤੇ ਸਭ ਦੀਆਂ ਸਾਂਝੀਆਂ ਸਮਝੀਆਂ ਗਈਆਂ। ਇਹਨਾਂ ਦੇ ਦੋ ਭੇਦ ਮੰਨੇ ਗਏ ਹਨ - ਵੈਦਿਕ ਅਤੇ ਲੌਕਿਕ, ਵੈਦਿਕ 10 ਅਤੇ ਲੌਕਿਕ 34 ਹਨ।

ਉਰਵਸ਼ੀ :- ਇਹ ਇੰਦਰ ਦੇ ਦਰਬਾਰ ਦੀ ਮਸ਼ਹੂਰ ਨਰਤਕੀ ਖ਼ੂਬਸੂਰਤ ਅਪਸਰਾ। ਇੱਕ ਵਾਰ ਇੰਦਰ ਦੀ ਸਭਾ 'ਚ ਨੱਚਦਿਆਂ ਇਸ ਦਾ ਧਿਆਨ ਰਾਜੇ ਪੁਰੂਰਵ ਵੱਲ ਖਿੱਚੇ ਜਾਣ ਤੇ ਤਾਲ ਤੋਂ ਥਿੜਕ ਗਈ, ਰਾਜੇ ਇੰਦਰ ਨੇ ਉਰਵਸ਼ੀ ਨੂੰ ਸਰਾਪ ਦੇ ਕੇ ਧਰਤੀ ਤੇ ਭੇਜ ਦਿੱਤਾ ਫਿਰ ਪੁਰੂਰਵ ਤੇ ਉਰਵਸ਼ੀ ਦਾ ਪ੍ਰੇਮ ਵੇਖ ਕੇ ਉਸ ਨੂੰ ਅੰਗੀਕਾਰ ਕਰਨਾ ਸਵੀਕਾਰ ਕਰ ਲਿਆ।

ਮੇਨਕਾ - ਇਸ ਅਪਸਰਾ ਨੂੰ ਇੰਦਰ ਨੇ ਵਿਸ਼ਵਾਮਿੱਤਰ ਰਿਸ਼ੀ ਦੀ ਤਪੱਸਿਆ ਭੰਗ ਕਰਨ ਲਈ ਭੇਜਿਆ। ਮੇਨਕਾ ਆਪਣੇ ਮਕਸਦ 'ਚ ਸਫਲ ਰਹੀ। ਰਿਸ਼ੀ ਤੇ ਮੇਨਕਾ ਦੇ ਪਿਆਰ ਸ਼ਕੁੰਤਲਾ ਪੈਦਾ ਹੋਈ ਪਰ ਮੇਨਕਾ ਇਸ ਨੂੰ ਜੰਗਲ 'ਚ ਸੁੱਟ ਕੇ ਇੰਦਰਲੋਕ ਪਰਤ ਗਈ।

ਜਗਤਾਰ ਸਿੰਘ ਸੈਣੀ — 9417166386

ਲੜੀ ਨੰ: 4.

Date :
Page :

ਸਰਬਜੀਤ ਸਿੰਘ ਬੇਦੀ -94171 66386

**ਅਫਲਾਤੂਨ :-** ਮਹਾਨ ਦਾਰਸ਼ਨਿਕ ਸੁਕਰਾਤ ਦੇ ਚੇਲੇ ਪ੍ਰਸਿੱਧ ਫਿਲਾਸਫਰ ਅਫਲਾਤੂਨ ਦਾ ਜਨਮ ਯੂਨਾਨ ਦੀ ਰਾਜਧਾਨੀ ਐਥਿਨਜ਼ ਵਿੱਚ 428 ਈ: ਪੂਰਵ ਵਿੱਚ ਪਿਤਾ ਐਰਿਸਟਨ ਅਤੇ ਮਾਤਾ ਪ੍ਰਿਕੋਨੀ ਦੇ ਘਰ ਹੋਇਆ। ਅਫ਼ਲਾਤੂਨ ਦਾ ਅਸਲੀ ਨਾਮ ਐਰਿਸਟੋਕਲੀਜ਼ ਸੀ ਪਰ ਇਸ ਦੇ ਛਾਤੀ ਅਤੇ ਮੱਥੇ ਦੀ ਵਿਸ਼ਾਲਤਾ ਕਾਰਨ ਇਸ ਦਾ ਨਾਮ ਪਲਾਟੋ (ਚੌੜਾ) ਪੈ ਗਿਆ। ਅਫ਼ਲਾਤੂਨ ਛੋਟੀ ਉਮਰ ਤੋਂ ਹੀ ਜ਼ਹੀਨ ਸੀ। ਇੱਕ ਦਿਨ ਸੁਕਰਾਤ ਨੇ ਅਫ਼ਲਾਤੂਨ ਦਾ ਰਾਹ ਰੋਕ ਕੇ ਰਸਤਾ ਪੁੱਛਿਆ (ਇਹ ਉਹਨਾਂ ਦੀ ਪਹਿਲੀ ਮਿਲਣੀ ਸੀ) ਕਿ ਮੈਨੂੰ ਨੇਕੀ ਦੇ ਮਦਰੱਸੇ ਦਾ ਪਤਾ ਦੱਸ, ਅਫ਼ਲਾਤੂਨ ਸੁਕਰਾਤ ਦੀ ਮਹਾਨਤਾ ਦਾ ਕਾਇਲ ਹੋ ਗਿਆ। ਇਸ ਸਮੇਂ ਅਫ਼ਲਾਤੂਨ ਦੀ ਉਮਰ 20 ਸਾਲ ਦੀ ਸੀ। ਉਹ ਸੁਕਰਾਤ ਦਾ ਚੇਲਾ ਬਣ ਗਿਆ ਅਤੇ ਅਤੇ ਉਹਨਾਂ ਦੇ ਦਿਹਾਂਤ ਤੱਕ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਰਹਿ ਕੇ ਸਿੱਖਿਆ ਪ੍ਰਾਪਤ ਕਰਦਾ ਰਿਹਾ।

ਸੁਕਰਾਤ ਦੀ ਮੌਤ ਤੋਂ ਪਿੱਛੋਂ ਅਫ਼ਲਾਤੂਨ ਨੇ ਕਈ ਦੇਸ਼ਾਂ ਦੀ ਯਾਤਰਾ ਕੀਤੀ ਅਤੇ 388 ਈ: ਪੂਰਵ ਵਿੱਚ ਉਹ ਐਕੇਡਿਮੀ ਬਾਗ ਵਿਚ ਸਥਾਪਤ ਹੋ ਗਿਆ। ਇੱਥੇ ਉਸ ਨੇ ਲਗਭਗ 40 ਵਰ੍ਹੇ ਬਿਤਾਏ। ਅਫ਼ਲਾਤੂਨ ਅਤੇ ਉਸ ਦੇ ਚੇਲੇ ਚੇਲੀਆਂ ਦੀ ਸਚਾਈ ਇੰਨੀ ਮਸ਼ਹੂਰ ਸੀ ਕਿ ਅਦਾਲਤ ਵਿੱਚ ਵੀ ਗਵਾਹੀ ਸਮੇਂ ਉਹਨਾਂ ਤੋਂ ਕਸਮ ਨਹੀਂ ਸੀ ਉਠਾਈ ਜਾਂਦੀ।

ਅਫ਼ਲਾਤੂਨ ਨੇ ਬਹੁਤ ਉੱਤਮ ਰਚਨਾਵਾਂ ਲਿਖੀਆਂ ਜਿੰਨ੍ਹਾਂ ਦਾ ਸ਼ੁੱਧ ਅਤੇ ਸਰਲ ਅਨੁਵਾਦ ਸੰਸਾਰ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿੱਚ ਮਿਲਦਾ ਹੈ। ਅਫ਼ਲਾਤੂਨ 348 ਈ: ਪੂਰਵ ਵਿੱਚ 81 ਵਰ੍ਹਿਆਂ ਦੀ ਉਮਰ ਵਿੱਚ ਸਰੀਰ ਤਿਆਗ ਗਿਆ। ਆਪਣੇ ਜਨਮ ਦਿਨ ਵਾਲੇ ਦਿਨ ਸਰੀਰ ਤਿਆਗਣ ਵੇਲੇ ਵੀ ਉਹ ਲਿਖਣ ਵਿੱਚ ਮਸਰੂਫ਼ ਸੀ।

Scanned by CamScanner

ਲੜੀ ਨੰ: 5

Date : ____________
Page : ____________

ਅਨੰਗ ਮੈਨਾ :- ਰਾਜੇ ਭਰਥਰੀ ਹਰੀ ਦੀ ਇੱਕ ਰਾਣੀ ਉਸ ਦੇ ਕੋਤਵਾਲ ਨੂੰ ਪਿਆਰ ਕਰਦੀ ਸੀ। ਇੱਕ ਵਾਰ ਰਾਜੇ ਭਰਥਰੀ ਨੇ ਰਾਜ ਪ੍ਰੋਹਿਤਾਂ ਨੂੰ ਭੋਜ ਤੇ ਸੱਦਿਆ। ਇੱਕ ਬ੍ਰਾਹਮਣ ਨੇ ਖੁਸ਼ ਹੋ ਕੇ ਰਾਜੇ ਨੂੰ ਅੰਮ੍ਰਿਤ ਫਲ ਦਿੱਤਾ ਕਿ ਇਸ ਦੇ ਖਾਣ ਨਾਲ ਆਦਮੀ ਨਿਰੋਗ ਅਤੇ ਲੰਮੀ ਉਮਰ ਵਾਲਾ ਹੋ ਜਾਂਦਾ ਹੈ। ਰਾਜੇ ਨੇ ਉਹ ਫ਼ਲ ਆਪਣੀ ਸਭ ਤੋਂ ਪਿਆਰੀ ਉਸੇ ਰਾਣੀ ਅਨੰਗਮੈਨਾ ਨੂੰ ਦੇ ਦਿੱਤਾ ਕਿ ਉਹ ਖਾ ਕੇ ਰੂਪ ਅਤੇ ਜਵਾਨੀ ਪੱਖੋਂ ਅਮਰ ਹੋ ਜਾਵੇ। ਰਾਣੀ ਨੇ ਉਹ ਫਲ ਆਪ ਖਾਣ ਦੀ ਬਜਾਏ ਆਪਣੇ ਮਿੱਤਰ ਕੋਤਵਾਲ ਨੂੰ ਦੇ ਦਿੱਤਾ। ਕੋਤਵਾਲ ਅੱਗੋਂ ਇੱਕ ਦੁਰਾਚਾਰੀ ਨਾਚੀ ਨਾਲ ਪਿਆਰ ਕਰਦਾ ਸੀ, ਉਸ ਨੇ ਉਹ ਫਲ ਨਾਚੀ ਨੂੰ ਦੇ ਦਿੱਤਾ। ਨਾਚੀ ਆਪਣੇ ਬਦਕਾਰਾਂ ਕਾਰਨ ਜੀਵਨ ਤੋਂ ਤੰਗ ਆ ਚੁੱਕੀ ਸੀ, ਉਸ ਨੇ ਸੋਚਿਆ ਕਿ ਇਹ ਫਲ ਤਾਂ ਸੱਤਵਾਦੀ ਰਾਜੇ ਭਰਥਰੀ ਹਰੀ ਦੇ ਹੀ ਖਾਣ ਯੋਗ ਹੈ, ਸੋ ਉਸ ਨੇ ਉਹੀ ਫਲ ਰਾਜੇ ਨੂੰ ਭੇਂਟ ਕਰ ਦਿੱਤਾ। ਜਦ ਅੰਮ੍ਰਿਤ ਫਲ ਦੁਬਾਰਾ ਰਾਜੇ ਕੋਲ ਵਾਪਸ ਪਹੁੰਚਿਆ ਤਾਂ ਰਾਜਾ ਬੜਾ ਹੈਰਾਨ ਪ੍ਰੇਸ਼ਾਨ ਹੋਇਆ। ਉਸ ਨੇ ਆਪਣੇ ਸੂਹੀਆਂ ਰਾਹੀਂ ਇਸ ਫ਼ਲ ਦੀ ਯਾਤਰਾ ਦੀ ਪੈੜ ਕਢਵਾਈ। ਰਾਣੀ ਅਨੰਗਮੈਨਾ ਦੀ ਬੇਵਫ਼ਾਈ ਅਤੇ ਬਦਕਾਰੀ ਸੁਣ ਕੇ ਰਾਜਾ ਭਰਥਰੀ ਹਰੀ ਉਪਰਾਮ ਹੋ ਗਿਆ ਅਤੇ ਰਾਜ ਭਾਗ ਤਿਆਗ ਕਰਕੇ ਸੰਨਿਆਸੀ ਬਣ ਜੰਗਲਾਂ ਵਿੱਚ ਚਲਾ ਗਿਆ।

ਮਨਜੀਤ ਸਿੰਘ ਸੋਢੀ 9417166386:

Scanned by CamScanner

ਲੜੀ ਨੰ: 6

Date : ______
Page : ______

ਅਕਬਰ : ਮੁਗਲ ਬਾਦਸ਼ਾਹ ਅਕਬਰ ਦਾ ਜਨਮ 15 ਅਕਤੂਬਰ 1542 ਈ: ਨੂੰ ਅਮਰਕੋਟ (ਸਿੰਧ) ਵਿਖੇ ਹੋਇਆ। ਪਿਤਾ ਹੁਮਾਯੂੰ (ਸੰਮਤ 1599) ਦੀ ਮੌਤ ਹੋਣ ਤੇ ਮਾਤਾ ਹਮੀਦਾ ਬਾਨੋ ਨੇ ਇਸ ਦੀ ਪਾਲਣ-ਪੋਸ਼ਣਾ ਕੀਤੀ। 13 ਸਾਲ, 9 ਮਹੀਨੇ ਦੀ ਉਮਰ ਵਿੱਚ ਇਸ ਨੇ ਰਾਜ ਗੱਦੀ ਸੰਭਾਲੀ। ਬੈਰਮ ਖਾਂ ਨਾਮ ਦੇ ਸੈਨਾਪਤੀ ਦੀ ਦੇਖ-ਰੇਖ ਹੇਠ ਇਸ ਦਾ ਰਾਜ ਚੰਗੀ ਤਰ੍ਹਾਂ ਚੱਲਦਾ ਰਿਹਾ। ਸੰਮਤ 1617 ~~ਈ:~~ ਵਿੱਚ ਇਸ ਨੇ ਰਾਜ ਪ੍ਰਬੰਧ ਪੂਰੀ ਤਰ੍ਹਾਂ ਆਪਣੇ ਹੱਥਾਂ ਹੇਠ ਲੈ ਲਿਆ। ਇਹ ਬੜਾ ਦਿਆਨਤਦਾਰ ਰਾਜਾ ਸੀ ਜੋ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਕੋਈ ਵੀ ਵਿਤਕਰਾ ਨਹੀਂ ਸੀ ਕਰਦਾ। ਸੰਮਤ 1618 ~~ਈ:~~ ਵਿੱਚ ਇਸ ਨੇ ਅੰਬਰ ਦੇ ਰਾਜਪੂਤ ਰਾਜਾ ਬਿਹਾਰੀ ਮੱਲ ਦੀ ਪੁੱਤਰੀ ਨਾਲ ਸ਼ਾਦੀ ਕੀਤੀ। ਇਸ ਨੇ ਕਈ ਰਾਜਪੂਤ ਕੰਨਿਆਵਾਂ ਨਾਲ ਸ਼ਾਦੀਆਂ ਕੀਤੀਆਂ। ਜੋਧਪੁਰ ਦੀ ਰਾਜ ਕੁਮਾਰੀ ਨਾਲ ਵੀ ਸ਼ਾਦੀ ਕੀਤੀ। ਰਾਜੇ ਬਿਹਾਰੀ ਮੱਲ ਦਾ ਪੁੱਤਰ ਭਗਵਾਨ ਦਾਸ ਅਤੇ ਉਸ ਦਾ ਪੁੱਤਰ ਮਾਨ ਸਿੰਘ ਅਕਬਰ ਦੇ ਸੈਨਾਪਤੀ ਅਤੇ ਨੌ ਰਤਨਾਂ ਵਿੱਚੋਂ ਇੱਕ ਸਨ। ਟੋਡਰ ਮੱਲ ਅਤੇ ਬੀਰਬਲ ਇਸ ਦੇ ਮੰਤਰੀ ਸਨ। ਇਹ ਬਾਦਸ਼ਾਹ ਪਰਜਾ ਤੋਂ ਪੈਦਾਵਾਰ ਦਾ ਤੀਜਾ ਹਿੱਸਾ ਲੈਂਦਾ ਸੀ ਅਤੇ ਜੋ ਅਮੀਰ ਲੋਕ ਇਸ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਸਨ, ਉਹਨਾਂ ਮਨਸਬਦਾਰਾਂ ਦੇ ਅਧੀਨ 500 ਤੋਂ 10 000 ਤੱਕ ਸੈਨਾ ਹੁੰਦੀ ਸੀ।

ਅਕਬਰ ਦੀ ਸਭਾ ਵਿੱਚ ਹਰ ਮਜ਼ਹਬ ਦਾ ਆਦਮੀ ਆਪਣੇ ਵਿਚਾਰ ਰੱਖ ਸਕਦਾ ਸੀ। ਅਕਬਰ ਆਪਣੇ ਆਪ ਨੂੰ ਧਾਰਮਿਕ ਖਲੀਫਾ ਵੀ ਮੰਨਦਾ ਸੀ ਅਤੇ ਉਸ ਨੇ ਦੀਨ-ਏ-ਇਲਾਹੀ ਨਾਮ ਦਾ ਧਰਮ ਵੀ ਚਲਾਇਆ। ਇਸ ਦੇ ਪੈਰੋਕਾਰ ਆਪਸ ਵਿੱਚ ਮਿਲਣ ਸਮੇਂ 'ਅੱਲਾ ਹੂ ਅਕਬਰ' ਆਖਦੇ ਸਨ। ਇਸ ਦੇ ਰਾਜ ਵਿੱਚ 18 ਸੂਬੇ ਸਨ। 16 ਅਕਤੂਬਰ 1605 ਈ: (ਸੰਮਤ 1663) ਨੂੰ ਇਸ ਦਾ ਦੇਹਾਂਤ ਹੋ ਗਿਆ।

ਜਗਤਾਰ ਸਿੰਘ 9417166386

ਲੜੀ ਨੰ: 7

**ਅਨਾਰਕਲੀ:** ਅਨਾਰਕਲੀ ਦਾ ਅਸਲੀ ਨਾਮ ਨਾਦਿਰਾ ਸੀ। ਇਹ ਮੁਗਲ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਨਰਤਕੀ ਸੀ। ਸ਼ਹਿਜ਼ਾਦਾ ਸਲੀਮ (ਜਹਾਂਗੀਰ) ਨੇ ਜਦੋਂ ਇਸ ਦਾ ਨਾਚ ਵੇਖਿਆ ਤਾਂ ਉਹ ਇਸ ਤੇ ਮੋਹਿਤ ਹੋ ਗਿਆ। ਦੋਵੇਂ ਚੋਰੀ ਛੁਪੇ ਮਿਲਣ ਲੱਗੇ। ਜਦ ਅਕਬਰ ਨੂੰ ਇਸ ਬਾਰੇ ਭਿਣਕ ਪਈ ਤਾਂ ਉਸ ਨੇ ਸ਼ਹਿਜ਼ਾਦੇ ਸਲੀਮ ਨੂੰ ਵਰਜਿਆ। ਸ਼ਹਿਜ਼ਾਦਾ ਸਲੀਮ ਜਦ ਵਾਰ ਵਾਰ ਰੋਕਣ ਤੇ ਵੀ ਨਾ ਰੁਕਿਆ ਤਾਂ ਅਕਬਰ ਨੇ ਗੁਪਤ ਤਰੀਕੇ ਨਾਲ ਅਨਾਰਕਲੀ ਨੂੰ ਦਿੱਲੀ ਤੋਂ ਲਾਹੌਰ ਭਿਜਵਾ ਦਿੱਤਾ ਅਤੇ ਇਹ ਢੌਂਗ ਰਚਿਆ ਕਿ ਉਸ ਨੇ ਅਨਾਰਕਲੀ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾ ਦਿੱਤਾ ਹੈ ਤਾਂ ਕਿ ਸਲੀਮ ਇਹ ਸਮਝੇ ਕਿ ਅਨਾਰਕਲੀ ਨੂੰ ਮਰਵਾ ਦਿੱਤਾ ਗਿਆ ਹੈ। ਅਨਾਰਕਲੀ ਦੀ ਕਬਰ ਲਾਹੌਰ ਵਿੱਚ ਹੈ।

ਲੜੀ ਨੰ: 8

**ਅਬੁਲ ਫਜ਼ਿਲ:** ਮੁਗਲ ਬਾਦਸ਼ਾਹ ਅਕਬਰ ਦਾ ਇੱਕ ਮੰਤਰੀ, ਜੋ ਸ਼ੇਖ਼ ਮੁਬਾਰਕ ਦਾ ਪੁੱਤਰ ਸੀ। ਇਸ ਦਾ ਜਨਮ 1551 ਅਤੇ ਦੇਹਾਂਤ 1602 ਈ: ਨੂੰ ਹੋਇਆ। ਇਹ ਅਰਬੀ ਅਤੇ ਫਾਰਸੀ ਭਾਸ਼ਾਵਾਂ ਦਾ ਵੱਡਾ ਵਿਦਵਾਨ ਸੀ। ਇਸ ਨੇ ਬਹੁਤ ਸਾਰਾ ਸਾਹਿਤ ਰਚਿਆ। ਪੰਜ ਤੰਤਰ ਦਾ ਅਨੁਵਾਦ 'ਅਯਾਰ ਦਾਨਿਸ਼' ਇਸ ਨੇ ਹੀ ਫ਼ਾਰਸੀ ਵਿੱਚ ਕੀਤਾ। ਅਕਬਰ ਦੇ ਰਾਜ ਪ੍ਰਬੰਧ ਬਾਰੇ ਸੰਪੂਰਨ ਜਾਣਕਾਰੀ ਦੇਣ ਵਾਲੀ ਇਤਿਹਾਸਕ ਪੁਸਤਕ 'ਆਇਨੇ ਅਕਬਰੀ' ਅਬੁਲ ਫਾਜ਼ਿਲ ਦੀ ਹੀ ਲਿਖੀ ਹੋਈ ਹੈ।

ਜਗਤਾਰ ਸਿੰਘ ਸਿੱਧੂ 95171 66 386

Scanned by CamScanner

## ਲੜੀ ਨੰ: ੧.

ਆਦਮ – ਸਾਰੇ ਆਦਮੀਆਂ ਦਾ ਪਿਤਾਮਾ, ਜਿਸ ਤੋਂ ਇਨਸਾਨ ਦੀ ਨਸਲ ਚੱਲੀ। ਸਭ ਤੋਂ ਪਹਿਲਾ ਮਨੁੱਖ ਜਿਸ ਨੂੰ ਖ਼ੁਦਾ ਨੇ ਆਪਣੀ ਸ਼ਕਲ ਦਾ ਮਿੱਟੀ ਤੋਂ ਬਣਾਇਆ। ਬਾਈਬਲ ਅਤੇ ਕੁਰਾਨ ਅਨੁਸਾਰ ਜਦੋਂ ਆਦਮ ਸੁੱਤਾ ਪਿਆ ਸੀ ਤਾਂ ਖ਼ੁਦਾ ਨੇ ਉਸ ਦੀ ਇੱਕ ਪਸਲੀ ਕੱਢ ਕੇ ਉਸ ਤੋਂ ਨਾਰੀ ਰਚੀ, ਜੋ 'ਹਵਾ' ਕਹਿਲਾਈ। ਰੱਬ ਨੇ ਇਸ ਜੋੜੇ ਨੂੰ ਅਦਨ ਬਾਗ਼ ਵਿੱਚ ਰੱਖਿਆ ਅਤੇ ਹੁਕਮ ਦਿੱਤਾ ਕਿ ਤੁਸੀਂ ਇੱਥੇ ਅਨੰਦ ਨਾਲ ਰਹੋ ਅਤੇ ਜੋ ਮਰਜ਼ੀ ਫਲ ਆਦਿ ਪਦਾਰਥ ਖਾਓ ਪਰ ਇੱਕ ਖਾਸ ਬੂਟੇ ਬਾਰੇ ਕਿਹਾ ਕਿ ਤੁਸੀਂ ਭੁੱਲ ਕੇ ਵੀ ਇਸ ਦਾ ਫਲ ਨਾ ਖਾਣਾ। ਸ਼ੈਤਾਨ ਨੇ ਆਦਮ ਅਤੇ ਹਵਾ ਨੂੰ ਵਰਗਲਾਇਆ ਅਤੇ ਇੱਕ ਦਿਨ ਉਹਨਾਂ ਨੇ ਇਹ ਵਰਜਿਤ ਫਲ ਜਿਸ ਨੂੰ ਕਣਕ (ਅੰਨ) ਕਿਹਾ ਜਾਂਦਾ ਹੈ, ਖਾ ਲਿਆ। ਖ਼ੁਦਾ ਨੇ ਉਹਨਾਂ ਨੂੰ ਹੁਕਮ ਅਦੂਲੀ ਕਾਰਨ ਅਦਨ ਬਾਗ਼ ਵਿੱਚੋਂ ਕੱਢ ਦਿੱਤਾ ਅਤੇ ਸਰਾਪ ਦਿੱਤਾ ਕਿ ਆਦਮ ਦੀ ਔਲਾਦ ਮਿਹਨਤ ਕਰਕੇ ਗੁਜ਼ਾਰਾ ਕਰੇਗੀ ਅਤੇ ਮੌਤ ਦਾ ਸ਼ਿਕਾਰ ਹੋਵੇਗੀ। ਬਾਈਬਲ ਅਨੁਸਾਰ ਆਦਮ ਦੀ ਉਮਰ ੯੩੦ ਵਰ੍ਹੇ, ਲਿਖੀ ਗਈ ਹੈ। ਜਦ ਆਦਮ ਤੇ ਹਵਾ ਸਵਰਗ ਵਿੱਚ ਧਰਤੀ ਤੇ ਡਿੱਗੇ ਤਾਂ ਆਦਮ ਲੰਕਾ ਵਾਲੇ ਪਾਸੇ ਅਤੇ ਹਵਾ ਜਦਾਹ (ਅਰਬ) ਵਾਲੇ ਪਾਸੇ ਡਿੱਗੀ ਅਤੇ ੨੦੦ ਸਾਲ ਇੱਕ ਦੂਜੇ ਤੋਂ ਵੱਖ ਰਹੇ। ਫਿਰ ਜ਼ਬਰਾਈਲ ਫ਼ਰਿਸ਼ਤੇ ਨੇ ਆਦਮ ਨੂੰ 'ਮੱਕੇ' ਕੋਲ 'ਅਰਫ਼ਾਹ' ਪਹਾੜ ਤੇ ਲਿਆ ਕੇ ਹਵਾ ਨਾਲ ਮਿਲਾਇਆ। ਆਦਮ ਹਵਾ ਨੂੰ ਲੈ ਕੇ ਲੰਕਾ ਵਿਖੇ ਚਲਾ ਗਿਆ। ਲੰਕਾ ਵਿਖੇ ਹੁਣ ਵੀ ਆਦਮ ਦੀ ਪਹਾੜੀ ਹੈ, ਜਿਸ ਦੀ ਉਚਾਈ ੭੫੨੬ ਫੁੱਟ ਹੈ।

ਜਗਤਾਰ ਸਿੰਘ ਸਾਥੀ
94171 66386

ਲੜੀ ਨੰ: 10

Date : ____
Page : ____

ਅਜੀਰਗਤ :- ਰਾਜਾ ਹਰੀਸ਼ ਚੰਦਰ ਜੋ ਕਿ ਇਕਸ਼ਵਾਕੂ ਵੰਸ਼ ਦਾ ਰਾਜਾ ਸੀ, ਉਸ ਦੇ ਘਰ ਔਲਾਦ ਨਹੀਂ ਸੀ ਹੁੰਦੀ। ਰਾਜ ਪ੍ਰੋਹਿਤਾਂ ਨੇ ਕਿਹਾ ਕਿ ਜੇਕਰ ਉਹ ਪਹਿਲੇ ਬੱਚੇ ਦੀ ਵਰਣ ਦੇਵਤੇ ਨੂੰ ਬਲੀ ਦੇਵੇਗਾ ਤਾਂ ਉਸ ਦਾ ਵੰਸ਼ ਅੱਗੇ ਵਧੇਗਾ। ਰਾਜਾ ਹਰੀਸ਼ ਚੰਦਰ ਨੇ ਵਰਣ ਦੇਵਤੇ ਅੱਗੇ ਪ੍ਰਤਿੱਗਿਆ ਕੀਤੀ ਕਿ ਜੇ ਉਸ ਦੇ ਘਰ ਪੁੱਤਰ ਜੰਮੇ ਤਾਂ ਉਹ ਉਸ ਦੀ ਬਲੀ ਵਰਣ ਦੇਵਤੇ ਨਮਿਤ ਯੱਗ ਵਿੱਚ ਦੇਵੇਗਾ। ਰਾਜੇ ਹਰੀਸ਼ ਚੰਦਰ ਦੇ ਘਰ ਇੱਕ ਪੁੱਤਰ ਜੰਮਿਆ। ਰਾਜੇ ਨੇ ਉਸ ਦਾ ਨਾਂ ਰੋਹਿਤ ਰੱਖਿਆ। ਸਮਾਂ ਪਾ ਕੇ ਰਾਜੇ ਨੇ ਯੱਗ ਵਿੱਚ ਰੋਹਿਤ ਦੀ ਬਲੀ ਦੇਣੀ ਚਾਹੀ ਪਰ ਰੋਹਿਤ ਇਸ ਗੱਲ ਲਈ ਤਿਆਰ ਨਾ ਹੋਇਆ ਅਤੇ ਉਹ ਘਰੋਂ ਜੰਗਲ ਵੱਲ ਭੱਜ ਗਿਆ। ਉਹ ਜੰਗਲ ਵਿੱਚ ਛੇ ਸਾਲ ਭਟਕਦਾ ਰਿਹਾ। ਜੰਗਲ ਵਿੱਚ ਉਸਦਾ ਮੇਲ ਇੱਕ ਗਰੀਬ ਬ੍ਰਾਹਮਣ ਅਜੀਰਗਤ ਨਾਲ ਹੋਇਆ। ਰੋਹਿਤ ਨੇ ਉਸਦੇ ਪੁੱਤਰ ਸ਼ੁਨਹਸੇਫ ਨੂੰ ਇੱਕ ਸੌ ਗਊਆਂ ਬਦਲੇ ਆਪਣੀ ਥਾਂ ਬਲੀ ਦੇਣ ਲਈ ਖਰੀਦ ਲਿਆ। ਵਰਣ ਦੇਵਤੇ ਨੇ ਵੀ ਇਸ ਵਟਾਂਦਰੇ ਦੀ ਪ੍ਰਵਾਨਗੀ ਦੇ ਦਿੱਤੀ। ਜਦੋਂ ਬਲੀ ਦੇਣ ਲਈ ਸ਼ੁਨਹਸੇਫ ਨੂੰ ਯੱਗ ਕਰਨ ਵੇਲੇ ਥੰਮਲੇ ਨਾਲ ਬੰਨਿਆ ਗਿਆ ਤਾਂ ਉਸ ਨੇ ਵਰਣ ਦੇਵਤੇ ਅਤੇ ਹੋਰ ਕਈ ਦੇਵਤਿਆਂ ਦੀ ਮਹਿਮਾ ਵਿੱਚ ਮੰਤਰ ਪੜ੍ਹਣੇ ਆਰੰਭ ਕਰ ਦਿੱਤੇ। ਦੇਵਤਿਆਂ ਨੇ ਪ੍ਰਸੰਨ ਹੋ ਕੇ ਉਸਨੂੰ ਬਲੀ ਤੋਂ ਮੁਕਤ ਕਰ ਦਿੱਤਾ। ਸ਼ੁਨਹਸੇਫ ਯੱਗ ਦੇ ਪ੍ਰੋਹਿਤ ਵਿਸ਼ਵਾਮਿੱਤਰ ਦੇ ਕੋਲ ਹੀ ਰਹਿਣ ਲੱਗ ਪਿਆ। ਅਜੀਰਗਤ ਦੇ ਇਸ ਬਲੀਦਾਨ ਅਤੇ ਸੰਨਿਆਸ ਦੀ ਕਥਾ ਹਿੰਦੂ ਧਰਮ ਵਿੱਚ ਮਿਸਾਲ ਦੇ ਤੌਰ ਤੇ ਬਿਆਨ ਕੀਤੀ ਜਾਂਦੀ ਹੈ।

Scanned by CamScanner

ਲੜੀ ਨੰ: 11.

Date :
Page :

ਅਹਿਲੇ ਕਿਤਾਬ :- ਮੁਸਲਮਾਨ ਧਾਰਮਿਕ ਦ੍ਰਿਸ਼ਟੀ ਤੋਂ ਸੰਸਾਰ ਦੇ ਲੋਕਾਂ ਨੂੰ ਦੋ ਭਾਗਾਂ ਵਿੱਚ ਵੰਡਦੇ ਹਨ - ਅਹਿਲੇ ਕਿਤਾਬ ਅਤੇ ਕਾਫ਼ਿਰ।
ਅਹਿਲੇ ਕਿਤਾਬ ਤੋਂ ਭਾਵ ਮੁਸਾਈਆਂ, ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਤੋਂ ਹੈ।
ਹਜ਼ਰਤ ਮੂਸਾ ਦੇ ਪੈਰੋਕਾਰ ਤੌਰੇਤ ਨੂੰ, ਯਹੂਦੀ ਜ਼ਬੂਰ ਨੂੰ, ਈਸਾਈ ਅੰਜੀਲ ਨੂੰ ਅਤੇ ਮੁਸਲਮਾਨ ਕੁਰਾਨ ਨੂੰ ਪਵਿੱਤਰ ਮੰਨਦਿਆਂ ਇਸ ਵਿੱਚ ਵਿਸ਼ਵਾਸ ਰੱਖਦੇ ਹਨ। ਇਸਲਾਮ ਅਨੁਸਾਰ ਇਹਨਾਂ ਧਰਮਾਂ ਦੇ ਪੈਗੰਬਰਾਂ ਨੂੰ ਅੱਲਾ ਨੇ ਖੁਦ ਇਲਹਾਮ ਦੁਆਰਾ ਅਧਿਆਤਮਕ ਗਿਆਨ ਦਿੱਤਾ ਜੋ ਕਿ ਉਹਨਾਂ ਨੇ ਉਪਰੋਕਤ ਧਰਮ ਗ੍ਰੰਥਾਂ ਵਿੱਚ ਸੁਰੱਖਿਅਤ ਕੀਤਾ।
ਤੌਰੇਤ ਦਾ ਇਲਹਾਮ ਹਜ਼ਰਤ ਮੂਸਾ ਨੂੰ ਹੋਇਆ। ਜ਼ਬੂਰ ਹਜ਼ਰਤ ਦਾਊਦ ਦੁਆਰਾ ਉਤਰੀ। ਅੰਜੀਲ ਜਿਸ ਨੂੰ ਬਾਈਬਲ ਵੀ ਕਿਹਾ ਜਾਂਦਾ ਹੈ ਈਸਾ ਦੁਆਰਾ ਅਤੇ ਕੁਰਾਨ ਮੁਹੰਮਦ ਸਾਹਿਬ ਦੁਆਰਾ ਪ੍ਰਗਟ ਹੋਈ।

ਜਗਤਾਰ ਸਿੰਘ ਸੋਖੀ
9417166386

ਅਜ਼ਰਾਈਲ :- ਯਹੂਦੀ ਅਤੇ ਇਸਲਾਮੀ ਪੌਰਾਣਿਕ ਕਥਾਵਾਂ ਅਨੁਸਾਰ ਅਜਰਾਈਲ ਮੌਤ ਦਾ ਫ਼ਰਿਸ਼ਤਾ ਹੈ। ਇਹ ਚਾਰ ਮੁੱਖ ਫ਼ਰਿਸ਼ਤਿਆਂ ਵਿੱਚੋਂ ਇੱਕ ਹੈ। ਇਹ ਅੱਲਾ ਦੇ ਹੁਕਮ ਨਾਲ ਸੰਸਾਰ ਦੇ ਪ੍ਰਾਣੀਆਂ ਦੇ ਸਰੀਰ ਵਿੱਚੋਂ ਜਿੰਦ ਕੱਢਦਾ ਹੈ। ਇਸ ਨੂੰ 'ਮਲਕੁਲ ਮੌਤ' ਵੀ ਕਿਹਾ ਜਾਂਦਾ ਹੈ।

Scanned by CamScanner

ਲੜੀ ਨੰ: 12

Date :
Page :

ਅੱਬੂ ਬੱਕਰ: ਇਹ ਮੁਹੰਮਦ ਸਾਹਿਬ ਦੀ ਪਤਨੀ ਆਇਸ਼ਾ ਦੇ ਪਿਤਾ ਜੀ ਸਨ। ਇਹਨਾਂ ਦੇ ਪਿਤਾ ਜੀ ਦਾ ਨਾਂ ਹਜ਼ਰਤ ਅਸਮਾਨ ਸੀ। ਅੱਬੂ ਬੱਕਰ ਇਸਲਾਮ ਦੇ ਪਹਿਲੇ ਖਲੀਫ਼ਾ ਸਨ। ਇਹਨਾਂ ਨੇ ਹੀ ਸਭ ਤੋਂ ਪਹਿਲਾਂ ਮੁਹੰਮਦ ਸਾਹਿਬ ਨੂੰ ਪੈਗੰਬਰ ਦੇ ਤੌਰ ਤੇ ਸਵੀਕਾਰ ਕੀਤਾ ਅਤੇ ਉਹਨਾਂ ਦੇ ਪਹਿਲੇ ਅਨੁਯਾਈ ਬਣੇ। ਸੱਠ ਸਾਲ ਦੀ ਉਮਰ ਵਿੱਚ ਇਹ ਖਲੀਫ਼ਾ ਬਣੇ।

ਉਮਰ ਖਿਤਾਬ:- ਇਹ ਇਸਲਾਮ ਦੇ ਦੂਜੇ ਖਲੀਫ਼ਾ ਸਨ। ਇਹ ਮੁਹੰਮਦ ਸਾਹਿਬ ਦੀ ਤੀਜੀ ਪਤਨੀ ਹਫ਼ਸਾ ਦੇ ਪਿਤਾ ਸਨ। ਇਹ ਬੜੇ ਨਿਆਂ ਪਸੰਦ ਸਨ। ਇਹਨਾਂ ਨੇ ਆਪਣੇ ਪੁੱਤਰ ਅੱਬੂ ਸਹਮ ਨੂੰ ਸ਼ਰਾਬ ਪੀਣ ਦੇ ਦੋਸ਼ ਵਿੱਚ 80 ਕੋੜੇ ਮਰਵਾਏ ਜਿਸ ਕਰਕੇ ਉਸ ਦੀ ਮੌਤ ਹੋ ਗਈ। ਉਦੋਂ ਤੋ ਮੁਸਲਮਾਨਾਂ ਵਿੱਚ 'ਉਮਰ ਖਿਤਾਬ ਦਾ ਨਿਆਉਂ' ਕਹਾਵਤ ਬਣ ਚੁੱਕਾ ਹੈ। ਇਹਨਾਂ ਨੇ ਸ਼ਾਮ, ਇਰਾਨ, ਇਰਾਕ ਅਤੇ ਮਿਸਰ ਫਤਹਿ ਕੀਤਾ। ਜਦ ਇਹ ਸਵੇਰ ਦੀ ਨਮਾਜ ਪੜ੍ਹ ਰਹੇ ਸਨ ਤਾਂ ਫ਼ੀਰੋਜ਼ ਨਾਂ ਦੇ ਈਰਾਨ ਗ਼ੁਲਾਮ ਨੇ ਕਤਲ ਕਰ ਦਿੱਤਾ।

Scanned by CamScanner

ਅਹੱਲਿਆ – ਅੰਜਨੀ :– ਹਿੰਦੂ ਪੌਰਾਣਿਕ ਕਥਾਵਾਂ ਅਨੁਸਾਰ ਗੌਤਮ ਦੀ ਰਿਸ਼ੀ ਦੀ ਬਹੁਤ ਹੀ ਖ਼ੂਬਸੂਰਤ ਪਤਨੀ ਦਾ ਨਾਂ ਅਹੱਲਿਆ ਸੀ। ਇੱਕ ਵਾਰ ਇੰਦਰ ਦੇਵਤਾ ਉਸ ਦੇ ਉੱਤੇ ਮੋਹਿਤ ਹੋ ਗਿਆ। ਉਸ ਨੇ ਚੰਦਰਮਾ ਨੂੰ ਆਪਣੇ ਨਾਲ਼ ਰਲਾ ਲਿਆ। ਗੌਤਮ ਰਿਸ਼ੀ ਹਰ ਰੋਜ ਸਰਘੀ ਵੇਲ਼ੇ ਨਦੀ ਤੇ ਇਸ਼ਨਾਨ ਕਰਨ ਜਾਂਦਾ ਸੀ। ਚੰਦਰਮਾ ਨੇ ਇੱਕ ਦਿਨ ਅੱਧੀ ਰਾਤ ਵੇਲ਼ੇ ਹੀ ਕੁੱਕੜ ਬਣ ਕੇ ਬਾਂਗ ਦੇ ਦਿੱਤੀ। ਗੌਤਮ ਰਿਸ਼ੀ ਸਰਘੀ ਵੇਲਾ ਸਮਝ ਕੇ ਨਦੀ ਤੇ ਇਸ਼ਨਾਨ ਕਰਨ ਚਲਾ ਗਿਆ। ਇੰਦਰ ਦੇਵਤੇ ਨੇ ਗੌਤਮ ਰਿਸ਼ੀ ਦਾ ਰੂਪ ਧਾਰਨ ਕੀਤਾ ਅਤੇ ਅਹੱਲਿਆ ਨਾਲ਼ ਜਾ ਕੁਕਰਮ ਕੀਤਾ। ਉਧਰ ਇਸ਼ਨਾਨ ਕਰਦੇ ਗੌਤਮ ਰਿਸ਼ੀ ਨੂੰ ਅਵਾਜ਼ ਆਈ ਕਿ ਤੂੰ ਇੱਥੇ ਕੀ ਕਰਦਾ ਏਂ? ਤੇਰੇ ਘਰ ਤਾਂ ਚੋਰ ਆ ਪਏ ਨੇ। ਗੌਤਮ ਰਿਸ਼ੀ ਜਦ ਘਰ ਆਇਆ – ਉਸ ਨੇ ਆਪਣੇ ਅੰਦਰ ਇੰਦਰ ਨੂੰ ਇਤਰਾਜਯੋਗ ਹਾਲਤ ਵਿੱਚ ਵੇਖਿਆ ਤਾਂ ਉਸ ਨੇ ਗੁੱਸੇ ਵਿੱਚ ਪਹਿਲਾਂ ਤਾਂ ਕੁੱਕੜ ਬਣੇ ਚੰਦਰਮਾਂ ਤੇ ਆਪਣੇ ਮੋਢੇ ਵਾਲ਼ਾ ਪਰਨਾ ਮਾਰਿਆ। ਕਿਹਾ ਜਾਂਦਾ ਹੈ ਕਿ ਚੰਦਰਮਾਂ ਤੇ ਜੋ ਦਾਗ਼ ਨੇ ਇਹ ਉਸੇ ਪਰਨੇ ਤੋਂ ਪਏ ਹਨ। ਗੌਤਮ ਰਿਸ਼ੀ ਨੇ ਆਪਣੀ ਪੁੱਤਰੀ ਨੂੰ ਘਰ ਵਿੱਚ ਆਏ ਬੇਗਾਨੇ ਮਰਦ ਨੂੰ ਪਛਾਣ ਨਾ ਸਕਣ ਕਾਰਨ ਸਰਾਪ ਦਿੱਤਾ ਕਿ ਤੈਨੂੰ ਕੁਆਰੀ ਨੂੰ ਪੁੱਤਰ ਹੋਵੇਗਾ। ਅੰਜਨੀ ਵੱਲੋਂ ਤਰਲੇ ਕਰਨ ਤੇ ਗੌਤਮ ਰਿਸ਼ੀ ਨੇ ਕਿਹਾ ਕਿ ਹੁਣ ਸਰਾਪ ਤਾਂ ਵਾਪਸ ਨਹੀਂ ਹੋਵੇਗਾ ਪਰ ਤੇਰਾ ਪੁੱਤਰ ਬਲੀ ਯੋਧਾ ਹੋਵੇਗਾ। ਅੰਜਨੀ ਨੇ ਪਵਨ ਪੁੱਤਰ ਹਨੂੰਮਾਨ ਨੂੰ ਜਨਮ ਦਿੱਤਾ। ਗੌਤਮ ਰਿਸ਼ੀ ਨੇ ਅਹੱਲਿਆ ਨੂੰ ਸਰਾਪ ਦਿੱਤਾ ਅਤੇ ਉਹ ਸਿੱਲ ਪੱਥਰ ਹੋ ਗਈ।

**ਅਸ਼ਵਮੇਧ ਯੱਗ:-** ਹਿੰਦੂ ਸੰਸਕ੍ਰਿਤੀ ਅਨੁਸਾਰ ਵੱਖ-ਵੱਖ ਵਰ ਪ੍ਰਾਪਤੀ ਲਈ ਕਈ ਤਰਾਂ ਦੇ ਯੱਗ ਕੀਤੇ ਜਾਂਦੇ ਸਨ। ਜਿਸ ਯੱਗ ਵਿੱਚ ਅਸ਼ਵ (ਘੋੜਾ) ਮੇਧ (ਮਾਰਿਆ) ਜਾਂਦਾ ਸੀ, ਘੋੜੇ ਦੀ ਕੁਰਬਾਨੀ ਦਿੱਤੀ ਜਾਂਦੀ ਸੀ, ਨੂੰ ਅਸ਼ਵਮੇਧ ਯੱਗ ਕਿਹਾ ਜਾਂਦਾ ਸੀ। ਇਹ ਔਲਾਦ ਪ੍ਰਾਪਤੀ ਲਈ ਜਾਂ ਕਿਸੇ ਇਲਾਕੇ ਤੇ ਆਪਣੀ ਹਕੂਮਤ ਸਿੱਧ ਕਰਨ ਲਈ ਕੀਤਾ ਜਾਂਦਾ ਸੀ। ਇੱਕ ਚਿੱਟਾ ਘੋੜਾ, ਜਿਸ ਦੇ ਮੱਥੇ ਤੇ ਰਾਜੇ ਦੇ ਨਾਮ ਦੀ ਤਖਤੀ ਲਟਕਾ ਕੇ, ਵੇਦ ਮੰਤਰ ਪੜ੍ਹ ਕੇ ਖੁੱਲ੍ਹਾ ਛੱਡ ਦਿੱਤਾ ਜਾਂਦਾ ਸੀ। ਘੋੜੇ ਦੇ ਪਿੱਛੇ ਫੌਜ ਚਲਦੀ ਸੀ। ਘੋੜਾ ਆਪਣੀ ਮਰਜ਼ੀ ਨਾਲ ਚੱਲਦਾ ਜਾਂਦਾ, ਘੋੜਾ ਜਿਸ ਵੀ ਇਲਾਕੇ ਵਿੱਚੋਂ ਲੰਘਦਾ, ਰਾਜੇ ਦੀ ਪ੍ਰਭੂਸੱਤਾ ਕਾਇਮ ਹੋ ਜਾਂਦੀ। ਜੇਕਰ ਇਲਾਕੇ ਦਾ ਮਾਲਕ ਰਾਜਾ ਪ੍ਰਭੂਸੱਤਾ ਮੰਨਣ ਤੋਂ ਇਨਕਾਰੀ ਹੋ ਕੇ ਘੋੜੇ ਨੂੰ ਬੰਨ ਲੈਂਦਾ ਤਾਂ ਯੁੱਧ ਹੁੰਦਾ ਸੀ ਅਤੇ ਯੱਗ ਕਰਨ ਲਈ ਘੋੜੇ ਨੂੰ ਛੁਡਾਉਣਾ ਪੈਂਦਾ ਸੀ। ਘੋੜਾ ਇੱਕ ਸਾਲ ਪਿੱਛੋਂ ਵਾਪਸ ਆਉਂਦਾ ਸੀ ਅਤੇ ਜਿਨ੍ਹਾਂ ਰਾਜਿਆਂ ਦੇ ਰਾਜ ਵਿੱਚੋਂ ਈਨ ਮਨਵਾ ਕੇ ਵਾਪਸ ਆਉਂਦਾ ਸੀ, ਉਨ੍ਹਾਂ ਰਾਜਿਆਂ ਨੂੰ ਯੱਗ ਵਿੱਚ ਸ਼ਾਮਲ ਹੋਣਾ ਪੈਂਦਾ ਸੀ। ਫਿਰ ਬ੍ਰਾਹਮਣਾਂ ਦੀ ਦੱਸੀ ਵਿਧੀ ਅਨੁਸਾਰ ਇੱਕ ਭਾਰੀ ਯੱਗ ਮੰਡਪ ਰਚਿਆ ਜਾਂਦਾ ਸੀ, ਜਿਸ ਵਿਚਕਾਰ ਵੇਦੀ, ਸਵਾ-ਸਵਾ ਗਜ਼ ਚੌੜੇ ਅਤੇ ਸੱਤ-ਸੱਤ ਗਜ਼ ਲੰਮੇ 21 ਥੰਮ੍ਹਿਆਂ ਉੱਤੇ ਰਚੀ ਜਾਂਦੀ ਸੀ। ਹਵਨ ਲਈ 18 ਕੁੰਡ ਬਣਾ ਕੇ ਅਨੇਕਾਂ ਪਸ਼ੂ-ਪੰਛੀ ਬਲੀ ਦੇ ਕੇ ਰਾਜਾ ਅਤੇ ਰਾਣੀ ਘੋੜੇ ਨੂੰ ਇਸ਼ਨਾਨ ਕਰਵਾ ਕੇ ਝਟਕਾਉਂਦੇ ਸਨ।

ਜੇ ਅਸ਼ਵਮੇਧ ਯੱਗ ਔਲਾਦ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਸੀ ਤਾਂ ਰਾਣੀ ਸਾਰੀ ਰਾਤ ਘੋੜੇ ਦੀ ਲਾਸ਼ ਨਾਲ ਸੌਂਦੀ ਸੀ। ਹਿੰਦੂ ਮਤ ਅਨੁਸਾਰ 100 ਅਸ਼ਵਮੇਧ ਯੱਗ ਕਰਨ ਨਾਲ ਇੰਦਰ ਦੀ ਪਦਵੀ ਪ੍ਰਾਪਤ ਹੋਵੇਗੀ, ਇਸੇ ਕਰਕੇ ਪੁਰਾਣਾਂ ~~ਅਨ~~ ਅਨੁਸਾਰ ਇੰਦਰ ਅਕਸਰ ਹੀ ਯੱਗ ਵਿੱਚ ਵਿਘਨ ਪਾਉਂਦਾ ਸੀ।

ਬਾਲਮੀਕੀ ਰਮਾਇਣ ਦੇ ਬਾਲ ਕਾਂਡ 14 ਅਧਿਆਇ ਅਨੁਸਾਰ ਰਾਜਾ ਦਸ਼ਰਥ ਦੇ ਅਸ਼ਵਮੇਧ ਯੱਗ ਵਿੱਚ 300 ਪਸ਼ੂਆਂ ਦੀ ਬਲੀ ਦਿੱਤੀ ਗਈ ਅਤੇ ਸਫੈਦ ਘੋੜੇ ਨੂੰ ਝਟਕਾ ਕੇ ਰਾਣੀਆਂ ਉਸ ਦੇ ਨਾਲ ਸੁੱਤੀਆਂ ਸਨ।

Scanned by CamScanner

Date :
Page :

ਅਨਾਰਾਂ ਸ਼ਹਿਜ਼ਾਦੀ: ਪੰਜਾਬ ਦੀ ਪਰੀ ਕਹਾਣੀ ਦੀ ਨਾਇਕਾ। ਇੱਕ ਵਾਰ ਇੱਕ ਜੋਗੀ ਬਾਗ਼ ਵਿੱਚ ਤਪ ਕਰ ਰਿਹਾ ਸੀ। ਦੇਖ ਭਾਲ ਅਤੇ ਪਾਣੀ ਬਾਝੋਂ ਇਹ ਬਾਗ਼ ਸੁੱਕ ਗਿਆ। ਮਨਸੁਖ ਨਾਮ ਦੇ ਇੱਕ ਸ਼ਹਿਜ਼ਾਦੇ ਨੇ ਜੋਗੀ ਦੇ ਇਸ ਬਾਗ ਨੂੰ ਸਿੰਜਿਆ ਜਿਸ ਕਾਰਨ ਬਾਗ ਹਰਾ ਭਰਾ ਹੋ ਗਿਆ। ਜੋਗੀ ਨੇ ਖੁਸ਼ ਹੋ ਕੇ ਸ਼ਹਿਜ਼ਾਦੇ ਨੂੰ ਵਰ ਮੰਗਣ ਲਈ ਕਿਹਾ। ਸ਼ਹਿਜ਼ਾਦੇ ਨੇ ਅਨਾਰਾਂ ਸ਼ਹਿਜ਼ਾਦੀ ਮੰਗ ਲਈ। ਜੋਗੀ ਨੇ ਉਸ ਨੂੰ ਅਨਾਰ ਤੋੜਨ ਲਈ ਕਿਹਾ ਕਿ ਉਹ ਇਹ ਅਨਾਰ ਤੋੜ ਕੇ ਆਪਣੇ ਮਹਿਲ ਵਿੱਚ ਲੈ ਜਾਵੇ ਅਤੇ ਚਾਨਣੀ ਰਾਤ ਨੂੰ ਚੀਰੇ। ਜਦ ਸ਼ਹਿਜ਼ਾਦੇ ਨੇ ਚਾਨਣੀ ਰਾਤ ਨੂੰ ਅਨਾਰ ਚੀਰਿਆ ਤਾਂ ਉਸ ਵਿੱਚੋਂ ਛਣ ਛਣ ਕਰਦੀ, ਸਜੀ ਫਬੀ ਅਨਾਰਾਂ ਸ਼ਹਿਜ਼ਾਦੀ ਨਿਕਲੀ। ਸ਼ਹਿਜ਼ਾਦੀ ਦਾ ਅਲੌਕਿਕ ਰੂਪ ਦੇਖ ਕੇ ਸ਼ਹਿਜ਼ਾਦਾ ਬੇਹੋਸ਼ ਹੋ ਗਿਆ। ਉਸ ਸਮੇਂ ਖੂਹ ਤੇ ਪਾਣੀ ਭਰਨ ਆਈ ਝੀਵਰੀ ਨੇ ਮੌਕੇ ਦਾ ਫਾਇਦਾ ਉਠਾਇਆ ਅਤੇ ਅਨਾਰਾਂ ਸ਼ਹਿਜ਼ਾਦੀ ਨੂੰ ਖੂਹ ਵਿੱਚ ਸੁੱਟ ਦਿੱਤਾ ਅਤੇ ਆਪ ਉਸ ਦੇ ਕੱਪੜੇ ਪਾ ਕੇ ਅਨਾਰਾਂ ਬਣ ਕੇ ਬੈਠ ਗਈ। ਸ਼ਹਿਜ਼ਾਦਾ ਝੀਵਰੀ ਨੂੰ ਅਨਾਰਾਂ ਸਮਝ ਕੇ ਘਰ ਲੈ ਆਇਆ। ਸਮਾਂ ਪਾ ਕੇ ਖੂਹ ਵਿੱਚੋਂ ਇੱਕ ਫੁੱਲ ਉੱਗਿਆ। ਝੀਵਰੀ ਦੇ ਕਹਿਣ ਤੇ ਸ਼ਹਿਜ਼ਾਦੇ ਨੇ ਇਹ ਫੁੱਲ ਤੋੜ ਕੇ ਉਸ ਨੂੰ ਲਿਆ ਦਿੱਤਾ। ਝੀਵਰੀ ਨੇ ਇਹ ਫੁੱਲ ਮਸਲ ਕੇ ਮਹਿਲਾਂ ਦੇ ਪਿੱਛੇ ਸੁੱਟ ਦਿੱਤਾ। ਉੱਥੇ ਇੱਕ ਅਨਾਰਾਂ ਦਾ ਬੂਟਾ ਉੱਗਿਆ ਜਿਸ ਨੂੰ ਵੱਡਾ ਸਾਰਾ ਅਨਾਰ ਲੱਗਿਆ। ਇੱਕ ਲੜਕਾ ਉਹ ਅਨਾਰ ਤੋੜ ਕੇ ਆਪਣੇ ਘਰ ਲੈ ਗਿਆ। ਉਸ ਅਨਾਰ ਵਿੱਚੋਂ ਅਨਾਰਾਂ ਸ਼ਹਿਜ਼ਾਦੀ ਨਿਕਲੀ ਜੋ ਉਸਦੇ ਘਰ ਰਹਿ ਕੇ ਰੁਮਾਲ ਕਢਾਈ ਕਰਕੇ ਗੁਜ਼ਾਰਾ ਕਰਨ ਲੱਗੀ। ਇੱਕ ਦਿਨ ਰੁਮਾਲ ਦੇਖ ਕੇ ਸ਼ਹਿਜ਼ਾਦੇ ਨੇ ਕਢਾਈ ਕਰਨ ਵਾਲੀ ਨੂੰ ਮਿਲਣੇ ਦੀ ਇੱਛਾ ਕੀਤੀ। ਸ਼ਹਿਜ਼ਾਦੇ ਤੇ ਅਨਾਰਾਂ ਦੀ ਮੁਲਾਕਾਤ ਹੋ ਗਈ ਅਤੇ ਅਨਾਰਾਂ ਨੇ ਉਸ ਨੂੰ ਝੀਵਰੀ ਦੀ ਅਸਲੀ ਗੱਲ ਦੱਸ ਦਿੱਤੀ। ਸ਼ਹਿਜ਼ਾਦੇ ਨੇ ਗੁੱਸੇ ਵਿੱਚ ਆ ਕੇ ਝੀਵਰੀ ਨੂੰ ਮਰਵਾ ਦਿੱਤਾ ਅਤੇ ਅਨਾਰਾਂ ਨਾਲ ਵਿਆਹ ਕਰ ਲਿਆ।

Scanned by CamScanner

Date :

Page :

ਅਕੀਕਾ :- ਬੱਚੇ ਦੇ ਜਨਮ ਨਾਲ ਸੰਬੰਧਿਤ ਇੱਕ ਰਸਮ, ਮੁਸਲਮਾਨਾਂ ਵਿੱਚ ਬੱਚੇ ਦੇ ~~ਛੇਵੇਂ ਦਿ~~ ਜਨਮ ਮਗਰੋਂ ਛੇਵੇਂ ਦਿਨ ਅਕੀਕਾ ਕੀਤਾ ਜਾਂਦਾ ਹੈ। ਇਸ ਦਿਨ ਬੱਕਰੇ ਦੀ ਬਲੀ ਦੇ ਕੇ ਬੱਚੇ ਦਾ ਨਾਮਕਰਨ ਕੀਤਾ ਜਾਂਦਾ ਹੈ। ਧਨੀ ਮੁਸਲਮਾਨ ਇਸ ਦਿਨ ਅਕੀਕਾ ਦੀ ਰਸਮ ਵੇਲੇ ਬੱਚੇ ਦੇ ਵਾਲ਼ਾਂ ਦੀ ਲਿਟ ਕੱਟ ਕੇ ਉਸ ਦੇ ਬਰਾਬਰ ਸੋਨਾ ਜਾਂ ਚਾਂਦੀ ਗ਼ਰੀਬਾਂ ਵਿੱਚ ਵੰਡ ਕੇ ਦਾਨ ਪੁੰਨ ਵੀ ਕਰਦੇ ਹਨ।

ਅਰਵਾਹ :- ਮੁਸਲਮਾਨਾਂ ਵਿੱਚ ਮੌਤ ਨਾਲ ਸੰਬੰਧਿਤ ਰਸਮ ਹੈ। ਪ੍ਰਾਣੀ ਦੀ ਮੌਤ ਮਗਰੋਂ ਪਹਿਲੇ ਵੀਰਵਾਰ ਵਾਲ਼ੇ ਦਿਨ ਮਿੱਠੇ ਚੌਲਾਂ ਦੀ ਦੇਗ ਜਾਂ ਹਲਵਾ ਤਿਆਰ ਕਰਕੇ ਗਰੀਬਾਂ ਵਿੱਚ ਵੰਡਿਆ ਜਾਂਦਾ ਹੈ। ਗਰੀਬ ਲੋਕ ਤਾਂ ਇੱਕ ਦਿਨ ਪਹਿਲੀ ਜੁੰਮੇਰਾਤ ਨੂੰ ਹੀ ਅਰਵਾਹ ਕਰਦੇ ਹਨ ਪਰ ਅਮੀਰ ਲੋਕ ਚਾਲ਼ੀ ਦਿਨ ਵੰਡਦੇ ਹਨ। ਇਹ ਪਦਾਰਥ ਸੂਰਜ ਛਿਪਣ ਤੋਂ ਪਹਿਲਾਂ ਵੰਡਣ ਦਾ ਵਿਧਾਨ ਹੈ।

ਅਸਕਾਤ :- ਮੁਰਦੇ ਨੂੰ ਕਬਰ ਵਿੱਚ ਦੱਬਣ ਤੋਂ ਪਹਿਲਾਂ ਕੁਝ ਮੁੱਲਾ ਇੱਕ ਘੇਰੇ ਵਿੱਚ ਬੈਠ ਜਾਂਦੇ ਹਨ, ਵੱਡੇ ਮੁੱਲਾ ਦੇ ਸਾਹਮਣੇ ਕੁਰਾਨ ਸ਼ਰੀਫ਼ ਰੱਖਿਆ ਜਾਂਦਾ ਹੈ, ਜਿਸਦੇ ਸਾਹਮਣੇ ਅੰਨ, ਲੂਣ, ਮਠਿਆਈ ਅਤੇ ਤਾਂਬੇ ਦੇ ਸਿੱਕੇ ਰੱਖੇ ਜਾਂਦੇ ਹਨ। ਫਿਰ ਇੱਕ ਮੁੱਲਾ ਆਪਣੇ ਨਾਲ਼ ਦੇ ਮੁੱਲਾ ਨੂੰ ਮਰਨ ਵਾਲ਼ੇ ਪ੍ਰਾਣੀ ਦੇ ਗੁਨਾਹ ਦੱਸਦਾ ਹੈ। ਉਹ ਮੁੱਲਾ ਅਗਲੇ ਮੁੱਲਾ ਨੂੰ ਦੱਸਦਾ ਹੈ ਤੇ ਫਿਰ ਆਖ਼ਰ ਵਿੱਚ ਵੱਡਾ ਮੁੱਲਾ ਕੁਰਾਨ ਦੇ ਸਾਹਮਣੇ ਪਿਆ ਸਮਾਨ ਗਰੀਬਾਂ ਵਿੱਚ ਵੰਡ ਦਿੰਦਾ ਹੈ। ਵੱਡਾ ਮੁੱਲਾ ਕੁਰਾਨ ਆਪਣੇ ਕੋਲ ਰੱਖ ਲੈਂਦਾ ਹੈ। ਕਿਹਾ ਜਾਂਦਾ ਹੈ ਕਿ ਅਸਕਾਤ ਦੀ ਇਸ ਰਸਮ ਨਾਲ਼ ਮੋਏ ਹੋਏ ਪ੍ਰਾਣੀ ਦੇ ਗੁਨਾਹ ਮੁਆਫ਼ ਹੋ ਜਾਂਦੇ ਹਨ।

ਅਮਾਲ ਨਾਮਾ :- ਇਸ ਪੁਸਤਕ ਵਿੱਚ ਕਰਾਮਿਨ ਅਤੇ ਕਾਤਿਬਾਨ ਨਾਂ ਦੇ ਦੋ ਫ਼ਰਿਸ਼ਤੇ ਮਨੁੱਖ ਦੇ ਸੰਸਾਰ ਯਾਤਰਾ ਸਮੇਂ ਦੇ ਚੰਗੇ-ਮੰਦੇ ਕੰਮਾਂ ਦਾ ਲੇਖਾ ਜੋਖਾ ਲਿਖਦੇ ਹਨ।

Scanned by CamScanner

ਅਲਫ਼ ਲੈਲਾ — ਅਲਫ਼ = ਹਜ਼ਾਰ, ਲੈਲ ਅ = ਰਾਤ ਨਾਲ ਸੰਬੰਧਿਤ। ਇਹ ਇੱਕ ਪ੍ਰਸਿੱਧ ~~ਕਹਾਣ~~ ਹਜ਼ਾਰ ਰਾਤੀ ਕਹਾਣੀ ਦਾ ਨਾਮ ਹੈ। ਫ਼ਾਰਸ ਦੇ ਬਾਦਸ਼ਾਹ ਸ਼ਹਿਰਯਾਰ ਨੇ ਜਦੋਂ ਇਹ ਵੇਖਿਆ ਕਿ ਸ਼ਾਹੀ ਮਹਿਲਾਂ ਦੀਆਂ ਔਰਤਾਂ ਬੇਵਫ਼ਾ ਹਨ ਤਾਂ ਉਸ ਨੇ ਹਰ ਰੋਜ਼ ਕਿਸੇ ਅਮੀਰ ਵਜ਼ੀਰ ਦੀ ਬੇਟੀ ਨਾਲ ਨਿਕਾਹ ਕਰਨਾ ਤੇ ਅਗਲੀ ਸਵੇਰ ਉਸ ਨੂੰ ਕਤਲ ਕਰ ਦੇਣਾ। ਵੱਡੇ ਲੋਕਾਂ ਵਿੱਚ ਉਸਦੇ ਜ਼ੁਲਮਾਂ ਕਾਰਨ ਹਾਹਾਕਾਰ ਮੱਚ ਗਈ। ਇੱਕ ਦਿਨ ਉਸਦੇ ਇੱਕ ਵਜ਼ੀਰ ਦੀ ਵੱਡੀ ਬੇਟੀ ਸ਼ਹਿਰਜ਼ਾਦ ਨੇ ਜ਼ਿਦ ਕਰਕੇ ਆਪਣੇ ਪਿਤਾ ਤੋਂ ਸ਼ਹਿਰਯਾਰ ਨਾਲ ਨਿਕਾਹ ਕਰਨ ਦੀ ਆਗਿਆ ਲੈ ਲਈ।

ਰਾਤ ਵੇਲੇ ਸ਼ਹਿਰਜ਼ਾਦ ਨੇ ਬਾਦਸ਼ਾਹ ਤੋਂ ਆਗਿਆ ਲੈ ਕੇ ਆਪਣੀ ਛੋਟੀ ਭੈਣ ਦੁਨੀਆਜ਼ਾਦ ਨੂੰ ਬੁਲਾ ਲਿਆ ਅਤੇ ਬਾਦਸ਼ਾਹ ਨੂੰ ਕਹਾਣੀ ਸੁਣਾਉਣ ਲਈ ਮਨਾ ਲਿਆ। ਸ਼ਹਿਰਜ਼ਾਦ ਨੇ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੱਤੀ। ਉਸ ਨੇ ਕਹਾਣੀ ਸੁਣਾਉਂਦੇ ਹੋਏ ਸਾਰੀ ਰਾਤ ਗੁਜ਼ਾਰ ਦਿੱਤੀ। ਉਸ ਨੇ ਕਹਾਣੀ ਦੀ ਰੌਚਿਕਤਾ ਬਰਕਰਾਰ ਰੱਖਦਿਆਂ ਕਹਾਣੀ ਨੂੰ ਅਜਿਹੇ ਮੋੜ ਤੇ ਲਿਆ ਖੜ੍ਹਾ ਕੀਤਾ ਕਿ ਬਾਦਸ਼ਾਹ ਨੂੰ ਕਹਾਣੀ ਦਾ ਅਗਲਾ ਹਿੱਸਾ ਸੁਣਨ ਲਈ ਅਗਲੀ ਰਾਤ ਤੱਕ ਉਸ ਦੀ ਜਾਨ ਬਖ਼ਸ਼ੀ ਕਰਨੀ ਪਈ। ਉਸ ਨੇ ਇਸ ਤਰਾਂ ਕਰਦਿਆਂ ਕਰਦਿਆਂ ਕਹਾਣੀ ਇੰਨੀ ਲੰਮੀ ਕੀਤੀ ਕਿ ਇੱਕ ਹਜ਼ਾਰ ਇੱਕ ਰਾਤਾਂ ਵਿੱਚ ਕਹਾਣੀ ਮੁਕੰਮਲ ਹੋਈ।

ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸ ਨੂੰ ਕਤਲ ਨਾ ਕੀਤਾ ਸਗੋਂ ਉਸ ਦੀ ਸਿਆਣਪ ਤੋਂ ਖ਼ੁਸ਼ ਹੋ ਕੇ ਆਪਣੀ ਬੇਗ਼ਮ ਬਣਾ ਲਿਆ। ਅਲਫ਼ ਲੈਲਾ ਦੀ ਇਹ ਕਹਾਣੀ ਦੁਨੀਆਂ ਵਿੱਚ ਇੰਨੀ ਪ੍ਰਸਿੱਧ ਹੋਈ ਕਿ ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀ ਹੈ।

ਅਰਸਤੂ — ਪ੍ਰਾਚੀਨ ਸਮੇਂ ਦਾ ਯੂਨਾਨ ਦਾ ਪ੍ਰਸਿੱਧ ਫ਼ਿਲਾਸਫ਼ਰ ਸੀ 384 ਈ; ਪੂਰਵ ਨੂੰ ਯੂਨਾਨ ਦੇਸ ਦੀ ਨਵੀਂ ਬਸਤੀ ਸਟਾਜੀਰਾ ਵਿਖੇ ਪੈਦਾ ਹੋਇਆ। ਅਰਸਤੂ ਨੀਕੋਮੈਕਸ ਸ਼ਾਹੀ ਵੈਦ (ਤਬੀਬ) ਸੀ। ਅਰਸਤੂ ਦੇ ਮਾਤਾ ਪਿਤਾ ਇਸ ਦੇ ਬਚਪਨ ਵਿੱਚ ਹੀ ਚੱਲ ਵਸੇ। ਇਹ 17 ਸਾਲ ਦੀ ਉਮਰ ਵਿੱਚ ਯੂਨਾਨ ਦੀ ਰਾਜਧਾਨੀ ਏਥਨਜ਼ ਪੁੱਜਾ ਅਤੇ ਅਫ਼ਲਾਤੂਨ ਦਾ ਚੇਲਾ ਬਣ ਗਿਆ। ਇਥੇ ਅਰਸਤੂ ਵੀਹ ਸਾਲਾਂ ਤੱਕ ਅਫ਼ਲਾਤੂਨ ਦੀ ਸੇਵਾ ਵਿੱਚ ਹਾਜ਼ਰ ਹੋ ਕੇ ਸਿੱਖਿਆ ਪ੍ਰਾਪਤ ਕਰਦਾ ਰਿਹਾ। ਅਫ਼ਲਾਤੂਨ ਦੀ ਮੌਤ ਤੋਂ ਮਗਰੋ ਅਰਸਤੂ ਅਟਾਰਨੀਅਸ ਦੇ ਰਾਜੇ ਅਤੇ ਆਪਣੇ ਦੋਸਤ ਹਾਰਮੀਅਸ ਕੋਲ ਚਲਾ ਗਿਆ, ਇੱਥੇ ਉਸ ਦੀ ਸ਼ਾਦੀ ਹਾਰਮੀਆਸ ਦੀ ਭੈਣ ਪਿਥੀਆ ਦੇ ਨਾਲ ਹੋ ਗਈ। ਥੋੜੇ ਚਿਰ ਪਿੱਛੋਂ ਉਹ ਮੀਟੀਲੀਨੀ ਚਲਾ ਗਿਆ ਅਤੇ ਦੋ ਸਾਲ ਪਿੱਛੋਂ ਮਕਦੂਨੀਆ ਦੇ ਬਾਦਸ਼ਾਹ ਫਿਲਿਪਸ ਕੋਲ ਚਲਾ ਗਿਆ, ਜਿੱਥੇ ਉਹ ਉਹ ਰਾਜਕੁਮਾਰ ਸਿਕੰਦਰ ਦਾ ਅਤਾਲੀਕ (ਅਧਿਆਪਕ) ਬਣ ਗਿਆ। ਅਰਸਤੂ ਉੱਥੇ ਅੱਠ ਸਾਲ ਤੱਕ ਰਿਹਾ। ਜਦੋਂ ਸਿਕੰਦਰ ਮਹਾਨ ਸੰਸਾਰ ਜਿੱਤਣ ਦੇ ਸੁਪਨੇ ਨੂੰ ਪੂਰਾ ਕਰਨ ਲਈ ਏਸ਼ੀਆ ਵੱਲ ਚੱਲ ਪਿਆ ਤਾਂ ਅਰਸਤੂ ਏਥਨਜ਼ ਵਾਪਸ ਚਲਾ ਗਿਆ। ਅਰਸਤੂ ਇੱਥੇ 13 ਸਾਲ ਰਿਹਾ। ਕਿਹਾ ਜਾਂਦਾ ਹੈ ਕਿ ਉਸ ਨੇ 1000 ਦੇ ਕਰੀਬ ਗਰੰਥ ਲਿਖੇ, ਜਿਸ ਤੋਂ ਸਿੱਧ ਹੁੰਦਾ ਹੈ ਕਿ ਉਹ ਇੱਕ ਅਲੌਕਿਕ ਪੁਰਸ਼ ਸੀ।

ਤਰਕ, ਨੀਤੀ, ਰਾਜ ਸ਼ਾਸਨ, ਅਰਥ ਸ਼ਾਸਤਰ, ਕਾਵਿਕ, ਅਲੰਕਾਰ ਸ਼ਾਸਤਰ, ਜੰਤੂ ਪੱਤੀ, ਪਦਾਰਥ ਵਿਦਿਆ, ਆਤਮ ਵਿਦਿਆ ਆਦਿਕ ਅਨੇਕਾਂ ਵਿਸ਼ਿਆਂ ਤੇ ਅਰਸਤੂ ਨੇ ਰਚਨਾਵਾਂ ਲਿਖੀਆਂ। ਅਰਸਤੂ ਨੂੰ ਯੂਰਪ ਵਿੱਚ Master of the wise ਕਿਹਾ ਜਾਂਦਾ ਹੈ। ਅਰਸਤੂ 62 ਵਰ੍ਹਿਆਂ ਦੀ ਉਮਰ ਭੋਗ ਕੇ 322 ਈਸਵੀ ਪੂਰਵ ਨੂੰ ਇਸ ਸੰਸਾਰ ਤੋਂ ਵਿਦਾ ਹੋ ਗਿਆ।

— 9417166386

Scanned by CamScanner

Date : ____________

Page : ____________

ਇੰਦਰ - ਬੇਗੋ :— ਪੰਜਾਬੀ ਸਾਹਿਤ ਦੇ ਵਿੱਚ ਇੰਦਰ-ਬੇਗੋ ਦੇ ਇਸ ਇਸ਼ਕ ਮਜਾਜੀ ਕਿੱਸੇ ਦੀ ਕਹਾਣੀ ਨੂੰ ਸਭ ਤੋਂ ਛੋਟੇ ਸਮੇਂ ਦਾ ਮੰਨਿਆ ਜਾਂਦਾ ਹੈ। ਇਹ ਕਹਾਣੀ ਸਿਰਫ਼ ਇੱਕ ਦਿਨ ਵਿੱਚ ਹੀ ਸ਼ੁਰੂ ਹੋ ਕੇ ਸੂਰਜ ਡੁੱਬਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ। ਇੰਦਰ ਬਾਣੀਆ ਲਾਹੌਰ ਸ਼ਹਿਰ ਵਿੱਚ ਕੱਪੜੇ ਦੀ ਦੁਕਾਨ ਕਰਦਾ ਸੀ। ਬੇਗੋ ਲਾਹੌਰ ਸ਼ਹਿਰ ਦੇ ਨੇੜਲੇ ਇੱਕ ਪਿੰਡ ਦੇ ਜਿਮੀਂਦਾਰ ਦੀ ਲੜਕੀ ਸੀ। ਇੱਕ ਦਿਨ ਉਹ ਪਿੰਡ ਦੀਆਂ ਹੋਰ ਔਰਤਾਂ ਦੇ ਨਾਲ ਸ਼ਹਿਰ ਵਿੱਚੋਂ ਇੰਦਰ ਦੀ ਦੁਕਾਨ 'ਤੇ ਕੱਪੜੇ ਲੈਣ ਗਈ। ਇੰਦਰ ਉਸ ਨੂੰ ਦੇਖਦੇ ਸਾਰ ਹੀ ਦੀਵਾਨਾ ਹੋ ਗਿਆ ਪਰ ਬੇਗੋ ਇਸ ਬਾਰੇ ਬੇਫ਼ਿਕਰ ਸੀ। ਉਸ ਦੀ ਦੀਵਾਨਗੀ ਦੇਖ ਕੇ ਬੇਗੋ ਦੇ ਨਾਲ਼ਦੀਆਂ ਔਰਤਾਂ ਨੇ ਉਸ ਨੂੰ ਟਕੋਰ ਮਾਰੀ ਕਿ ਤੂੰ ਲਾਲਾ! ਬੇਗੋ ਲਈ ਕੀ ਕਰ ਸਕਦਾ ਏਂ? ਇੰਦਰ ਨੇ ਦੀਵਾਨਗੀ ਵਿੱਚ ਕਿਹਾ ਕਿ ਜੇ ਬੇਗੋ ਕਹੇ ਤਾਂ ਮੈਂ ਹੱਟੀ ਨੂੰ ਅੱਗ ਲਾ ਦੇਵਾਂ। ਬੇਗੋ ਨੇ ਸਹਿਜ ਸੁਭਾਅ ਕਹਿ ਦਿੱਤਾ ਕਿ ਲਾ ਦੇ। ਇੰਦਰ ਨੇ ਉਸੇ ਵੇਲੇ ਹੱਟੀ ਨੂੰ ਅੱਗ ਲਾ ਦਿੱਤੀ। ਬੇਗੋ ਅਤੇ ਔਰਤਾਂ ਡਰ ਗਈਆਂ ਅਤੇ ਪਿੰਡ ਵੱਲ ਭੱਜ ਪਈਆਂ। ਜਦੋਂ ਔਰਤਾਂ ਰਾਵੀ ਦੇ ਪੁਲ ਤੇ ਪੁੱਜੀਆਂ ਤਾਂ ਇੰਦਰ ਵੀ ਉਹਨਾਂ ਨੂੰ ਉੱਥੇ ਜਾ ਮਿਲਿਆ। ਇੰਦਰ ਨੇ ਬੇਗੋ ਨੂੰ ਤਰਲਾ ਕੀਤਾ ਕਿ ਤੂੰ ਤਾਂ ਮੇਰੀ ਜਾਨ ਹੈ, ਤੇਰੇ ਕਹੇ ਤੇ ਮੈਂ ਹੱਟੀ ਨੂੰ ਅੱਗ ਲਾ ਦਿੱਤੀ, ਹੁਣ ਮੈਨੂੰ ਬਰਬਾਦ ਕਰਕੇ ਕਿੱਥੇ ਚੱਲੀ ਏਂ? ਤੇਰੇ ਕਹੇ ਤੇ ਤਾਂ ਮੈਂ ਆਪਣੀ ਜਾਨ ਵੀ ਦੇ ਦੇਵਾਂ। ਬੇਗੋ ਨੇ ਕਿਹਾ ਭਲਾ ਜਾਨ ਦੇ ਕੇ ਤਾਂ ਵਿਖਾ ਤਾਂ ਇੰਦਰ ਨੇ ਝੱਟ ਰਾਵੀ ਵਿੱਚ ਛਾਲ ਮਾਰ ਦਿੱਤੀ। ਇੰਦਰ ਦਾ ਜਜ਼ਬਾ ਦੇਖ ਕੇ ਬੇਗੋ ਦੇ ਮਨ ਵਿੱਚ ਵੀ ਮੋਹ ਜਾਗ ਪਿਆ ਅਤੇ ਜਦੋਂ ਉਸ ਨੇ ਰੁੜਦੇ ਜਾਂਦੇ ਇੰਦਰ ਨੂੰ ਦੇਖਿਆ ਪੁਲ ਦੇ ਦੂਜੇ ਪਾਸਿਓਂ ਜਾ ਛਾਲ ਮਾਰੀ ਅਤੇ ਆਪ ਵੀ ਨਾਲ ਹੀ ਰੁੜ੍ਹ ਗਈ।

Scanned by CamScanner

- ਸ਼ੇਖ ਚਿਲੀ : - ਇੱਕ ਫ਼ਰਜ਼ੀ ਮੂਰਖ ਜਿਸ ਦੀਆਂ ਕਹਾਣੀਆਂ ਲੋਕਾਂ ਨੇ ਘੜ੍ਹ ਰੱਖੀਆਂ ਹਨ। ਉਹ ਸ਼ੇਖ ਜਿਹੜਾ ਚਾਲ਼ੀ ਦਿਨ ਦਾ ਵਰਤ ਰੱਖੇ ਅਤੇ ਵਰਤ ਰੱਖਣ ਸਦਕਾ ਉਸ ਦਾ ਦਿਮਾਗ ਹਿੱਲ ਜਾਵੇ। ਅੱਜ ਕੱਲ ਮੁਹਾਵਰਿਆਂ ਵਿੱਚ ਸ਼ੇਖ ਚਿੱਲੀ ਉਸ ਵਿਅਕਤੀ ਨੂੰ ਆਖਦੇ ਨੇ ਜਿਹੜਾ ਵਿਚਾਰਾਂ ਤੋਂ ਉਲਟ ਅੰਦਾਜ਼ੇ ਅਤੇ ਮੰਨੋਰੰਜਨ ਦੇ ਹਿਸਾਬ ਨਾਲ਼ ਅਡੰਬਰ ਰਚੇ।

 ਚਾਲ਼ੀ ਦਿਨਾਂ ਦਾ ਨਿਰਾਹਾਰ ਵਰਤ ਰੱਖਣ ਵਾਲ਼ੇ ਅਨੇਕਾਂ ਮੁਸਲਮਾਨ ਫ਼ਕੀਰ ਇਸ ਨਾਮ ਨਾਲ਼ ਪ੍ਰਸਿੱਧ ਨੇ।

 ਇੱਕ ਮਹਾਤਮਾ ਅਟਕ ਜ਼ਿਲ੍ਹੇ ਵਿੱਚ ਹੋਇਆ ਅਤੇ ਦੂਜਾ ਬਨੂੜ ਦਾ ਰਹਿਣ ਵਾਲ਼ਾ ਅਬਦੁਲ ਕਾਦਿਰ। ਜੋ ਕਿ ਬੜਾ ਕਰਨੀ ਵਾਲ਼ਾ ਪਰਤਾਪੀ ਸਾਧੂ ਸੀ। ਇਸ ਬੜਾ ਹੀ ਮਸਤ ਰਹਿਣ ਵਾਲ਼ਾ ਸੀ। ਅਨੇਕਾਂ ਕਹਾਣੀਆਂ ਬੈਠਾ ਬੈਠਾ ਹੀ ਘੜ੍ਹ ਲੈਂਦਾ ਸੀ, ਜਿੰਨ੍ਹਾਂ ਤੋਂ ਲੋਕਾਂ ਨੂੰ ਹਾਸਾ ਆਉਂਦਾ ਸੀ ਪਰ ਸਾਰੀਆਂ ਕਹਾਣੀਆਂ ਦਾ ਭਾਵ ਉੱਤਮ ਸਿੱਖਿਆਵਾਂ ਨਾਲ਼ ਭਰਿਆ ਹੋਇਆ ਸੀ।

- ਸ਼ਮਸ ਤਬਰੇਜ਼ :- ਇੱਕ ਸੂਫ਼ੀ ਫ਼ਕੀਰ ਜਿਸਦਾ ਨਾਮ ਮਖ਼ਦੂਮ ਸ਼ਾਹ ਸ਼ਮਸੁਦੀਨ ਸੀ। ਇਸ ਦਾ ਜਨਮ ੫੬੦ ਹਿਜਰੀ ਨੂੰ ਗਜਨੀ ਦੇ ਇਲਾਕੇ ਸਬਜ਼ਵਾਹ ਵਿੱਚ ਹੋਇਆ। ਭਾਰਤ ਦੀ ਸੈਰ ਕਰਦਾ ਕਰਦਾ ਇਹ ਮੁਲਤਾਨ ਆ ਗਿਆ। ਮੁਲਤਾਨ ਦੇ ਕੱਟੜਪੰਥੀ ~~ਮਕਸਾਂ ਨੇ~~ ਮੁਲਾਣਿਆਂ ਨੇ ਹਾਕਮ ਕੋਲ ਸ਼ਿਕਾਇਤੀ ਕੀਤੀ ਕਿ ਇਹ ਆਪਣੇ ਆਪ ਨੂੰ ਅਨਹਲਹੱਕ / ਅਨਲ ਹੱਕ ਅਖਵਾਉਂਦਾ ਹੈ ( ਅਹੰ ਬ੍ਰਹਮਾਸਮ, ਮੈਂ ਹੀ ਰੱਬ ਹਾਂ)। ਮੁਲਤਾਨ ਦੇ ਹਾਕਮ ਨੇ ਇਸ ਨੂੰ ਪੁੱਠਾ ਟੰਗ ਕੇ ਇਸਦੀ ਖੱਲ ਲੁਹਾ ਦਿੱਤੀ। ਇਸ ਦਾ ਮਜ਼ਾਰ ਮੁਲਤਾਨ ਵਿੱਚ ਹੈ। ਇਸ ਦੇ ਪੈਰੋਕਾਰ ਸ਼ਮਸੀ ਅਖਵਾਉਂਦੇ ਹਨ।

Scanned by CamScanner

Date :
Page :

ਸੰਦਲਾ! – ਚੰਦਨ ਦੇ ਰੁੱਖ ਵਿੱਚ, ਇੱਕ ਖੋੜ ਵਿੱਚ ਇੱਕ ਪਰੀ ਰਹਿੰਦੀ ਸੀ। ਇਸ ਪਰੀ ਦੇ ਬਦਨ ਵਿੱਚੋਂ ਚੰਦਨ ਦੀ ਮਹਿਕ ਆਉਂਦੀ ਸੀ, ਜਿਸ ਨਾਲ ਸਾਰਾ ਆਲਾ-ਦੁਆਲਾ ਮਹਿਕ ਉੱਠਦਾ ਸੀ। ਇੱਕ ਵਾਰ ਭੰਵਰਾ ਨਾਮ ਦਾ ਸ਼ਹਿਜ਼ਾਦਾ ਜੰਗਲ ਵਿੱਚ ਆਇਆ। ਉਸ ਨੇ ਇਸ ਅਦਭੁੱਤ ਚੰਦਨ ਦੇ ਰੁੱਖ ਨੂੰ ਵੇਖਿਆ। ਉਸ ਨੇ ਜਦ ਚੰਦਨ ਦਾ ਰੁੱਖ ਕਟਵਾਇਆ ਤਾਂ ਉਸ ਵਿੱਚ ਸੰਦਲੀ ਲਿਬਾਸ ਵਾਲੀ ਸੰਦਲਾ ਪਰੀ ਨਿਕਲੀ। ਭੰਵਰਾ ਉਸ ਨੂੰ ਆਪਣੇ ਨਾਲ ਲੈ ਕੇ ਆਪਣੇ ਮਹਿਲ ਵੱਲ ਤੁਰ ਪਿਆ। ਰਸਤੇ ਵਿੱਚ ਇੱਕ ਸਰਪ ਰਾਜੇ ਨੇ ਭੰਵਰੇ ਤੋਂ ਸੰਦਲਾ ਨੂੰ ਖੋਹ ਲਿਆ ਅਤੇ ਆਪਣੇ ਜੰਗਲ ਰਾਜ ਵਿੱਚ ਲੈ ਗਿਆ। ਜੰਗਲ ਵਿੱਚ ਦਾਖ਼ਲ ਹੁੰਦਿਆਂ ਹੀ ਸਾਰਾ ਜੰਗਲ ਮਹਿਕਣ ਲੱਗ ਪਿਆ ਅਤੇ ਸੰਦਲਾ ਖ਼ੁਸ਼ਬੂ ਬਣ ਕੇ ਜੰਗਲ ਵਿੱਚ ਫੈਲ ਗਈ।

ਸਰਪ ਰਾਜਾ ਸੰਦਲਾ ਨੂੰ ਲੱਭਣ ਲਈ ਵਿਆਕੁਲ ਹੋ ਗਿਆ। ਉਸ ਨੂੰ ਜੰਗਲ ਦੀ ਹਰੇਕ ਟਾਹਣੀ, ਪੱਤੇ, ਵੇਲ, ਰੁੱਖ ਵਿੱਚੋਂ ਸੰਦਲਾ ਦੀ ਮਹਿਕ ਤਾਂ ਆਉਂਦੀ ਪਰ ਉਸਨੂੰ ਉਹ ਨਜ਼ਰ ਨਾ ਆਉਂਦੀ। ਅਖੀਰ ਭਟਕ ਭਟਕ ਕੇ ਵਿਆਕੁਲ ਹੋ ਕੇ ਸਰਪ ਰਾਜੇ ਨੇ ਪ੍ਰਾਣ ਤਿਆਗ ਦਿੱਤੇ। ਉਧਰ ਭੰਵਰ ਸ਼ਹਿਜ਼ਾਦਾ ਸੰਦਲਾ ਨੂੰ ਲੱਭਣ ਲਈ ਜੰਗਲਾਂ ਦੀ ਖ਼ਾਕ ਛਾਨਦਾ ਅਖੀਰ ਇਸ ਜੰਗਲ ਵਿੱਚ ਆਣ ਪੁੱਜਾ। ਪੱਤਿਆਂ ਦੀ ਮਹਿਕ ਵਿੱਚੋਂ ਉਸ ਨੇ ਸੰਦਲਾ ਦੇ ਸਾਹਾਂ ਦੀ ਮਹਿਕ ਪਛਾਣ ਲਈ ਪਰ ਉਸ ਨੂੰ ਵੀ ਸੰਦਲਾ ਕਿਤੇ ਦਿਖਾਈ ਨਾ ਦਿੱਤੀ।

ਭੰਵਰੇ ਨੇ ਕਿਸੇ ਰੁੱਖ ਦੀ ਟਾਹਣੀ, ਕਿਸੇ ਦੇ ਪੱਤੇ, ਕਿਸੇ ਦੀ ਵੇਲ, ਕਿਸੇ ਦੇ ਫੁੱਲ ਇਕੱਠੇ ਕੀਤੇ ਅਤੇ ਸੰਦਲਾ ਦਾ ਪੁਤਲਾ ਤਿਆਰ ਕਰ ਲਿਆ, ਫਿਰ ਉਸ ਉੱਤੇ ਸੰਦਲੀ ਜਲ ਛਿੜਕਿਆ। ਉਸੇ ਵੇਲੇ ਹੀ ਉਸ ਵਿੱਚੋਂ ਸੰਦਲਾ ਪ੍ਰਗਟ ਹੋ ਗਈ। ਭੰਵਰਾ ਉਸ ਨੂੰ ਆਪਣੇ ਦੇਸ ਲੈ ਗਿਆ ਅਤੇ ਉੱਥੇ ਉਹ ਖ਼ੁਸ਼ੀ-ਖ਼ੁਸ਼ੀ ਰਹਿਣ ਲੱਗੇ।

ਸਰਬਜੀਤ ਸਿੰਘ ਸੰਧੂ 9417166386

Scanned by CamScanner

Date :
Page : ਜਗਤਾਰ ਸਿੰਘ ਸੋਖੀ 94171 66386

ਸ਼ਾਹਣੀ ਕੌਲਾਂ :— ਸ਼ਾਹੂਕਾਰ ਧੌਹਰ ਮੱਲ ਦੀ ਧੀ ਕੌਲਾਂ ਦਾ ਜਨਮ ਧਰਮਦੀਪ ਸ਼ਹਿਰ ਵਿੱਚ ਹੋਇਆ। ਜਨਮ ਸਮੇਂ ਜੋਤਸ਼ੀਆਂ ਨੇ ਦੱਸਿਆ ਕਿ ਇਹ ਕੰਨਿਆ ਬੜੀ ਧਰਮ ਕਰਮ ਵਾਲ਼ੀ ਹੋਵੇਗੀ ਪਰ ਇਸ ਤੇ ਝੂਠਾ ਇਲਜ਼ਾਮ ਲੱਗੇਗਾ। ਜਵਾਨ ਹੋਣ ਤੇ ਇਸ ਦਾ ਵਿਆਹ ਰਾਜੇ ਰਸਾਲੂ ਦੇ ਵਜ਼ੀਰ ਬੀਜਾ ਮੱਲ ਨਾਲ਼ ਹੋਇਆ। ਕੌਲਾਂ ਜਤ ਸਤ ਦੀ ਬੜੀ ਪੱਕੀ ਸੀ। ਰਾਜੇ ਰਸਾਲੂ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਇਸ ਨੇ ਕੌਲਾਂ ਦਾ ਸਤ ਪਰਖਣ ਦਾ ਮਤਾ ਪਕਾਇਆ। ਉਸ ਨੇ ਘੋੜੇ ਖਰੀਦਣ ਦੇ ਬਹਾਨੇ ਬੀਜਾ ਮੱਲ ਨੂੰ ਕਾਬਲ ਭੇਜ ਦਿੱਤਾ। ਰੁਖਸਤ ਕਰਨ ਵੇਲੇ ਰਾਜੇ ਨੇ ਨਿਸ਼ਾਨੀ ਵਜੋਂ ਬੀਜਾ ਮੱਲ ਤੋਂ ਉਸ ਦੀ ਅੰਗੂਠੀ ਮੰਗ ਲਈ। ਬੀਜਾ ਮੱਲ ਨੇ ਆਪਣੀ ਅੰਗੂਠੀ ਰਾਜੇ ਨੂੰ ਦੇ ਦਿੱਤੀ। ਇੱਕ ਦਿਨ ਰਾਜਾ ਅੱਧੀ ਰਾਤ ਨੂੰ ਆਪਣੇ ਤੋਤੇ ਨੂੰ ਨਾਲ਼ ਲੈ ਕੇ ਕੌਲਾਂ ਦੇ ਮਹਿਲ ਵੱਲ ਗਿਆ। ਪਹਿਰੇਦਾਰਾਂ ਦੇ ਰੋਕਣ ਤੇ ਉਸ ਨੇ ਅੰਗੂਠੀ ਵਿਖਾ ਦਿੱਤੀ ਅਤੇ ਅੰਦਰ ਚਲਾ ਗਿਆ। ਰਾਜੇ ਨੇ ਕੌਲਾਂ ਨੂੰ ਅਵਾਜ਼ ਦਿੱਤੀ ਪਰ ਬਾਂਦੀਆਂ ਨੇ ਦਰਵਾਜ਼ਾ ਨਾ ਖੋਲਿਆ। ਰਸਾਲੂ ਨੇ ਝਰੋਖੇ ਵਿੱਚੋਂ ਅੰਗੂਠੀ ਦਿਖਾਈ। ਕੌਲਾਂ ਨੇ ਤਸੱਲੀ ਵਜੋਂ ਘਰ ਵਿੱਚ ਪਈਆਂ ਵਸਤਾਂ ਬਾਰੇ ਕੁਝ ਸਵਾਲ ਪੁੱਛੇ। ਰਸਾਲੂ ਦੇ ਤੋਤੇ ਨੇ ਅੰਦਰ ਜਾ ਕੇ ਰਸਾਲੂ ਨੂੰ ਸਭ ਜਾਣਕਾਰੀ ਲਿਆ ਦਿੱਤੀ। ਅਖੀਰ ਕੌਲਾਂ ਨੇ ਦਰਵਾਜ਼ਾ ਖੋਲ੍ਹ ਦਿੱਤਾ। ਰਾਜੇ ਨੂੰ ਸਾਹਮਣੇ ਵੇਖ ਕੇ ਕੌਲਾਂ ਘਬਰਾ ਗਈ। ਰਾਜੇ ਨੇ ਬੜੇ ਲਾਲਚ ਦਿੱਤੇ ਪਰ ਉਹ ਅਡੋਲ ਰਹੀ। ਫਿਰ ਉਹ ਆਤਮ ਹੱਤਿਆ ਕਰਨ ਲੱਗੀ ਤਾਂ ਰਾਜੇ ਨੇ ਕਿਹਾ ਕਿ ਉਹ ਤਾਂ ਉਸ ਦੀ ਪਰੀਖਿਆ ਲੈਣ ਆਇਆ ਸੀ। ਰਾਜਾ ਜਾਂਦਾ ਹੋਇਆ ਆਪਣੀ ਅੰਗੂਠੀ ਪਲੰਘ ਵਿੱਚ ਛੁਪਾ ਗਿਆ। ਜਦ ਬੀਜਾ ਮੱਲ ਵਾਪਸ ਆਇਆ ਤਾਂ ਉਸ ਨੇ ਅੰਗੂਠੀ ਵੇਖ ਕੇ ਕੌਲਾਂ ਤੇ ਸ਼ੱਕ ਕੀਤਾ ਅਤੇ ਉਸ ਨੂੰ ਘਰੋਂ ਕੱਢ ਦਿੱਤਾ। ਉਸ ਦੇ ਮੰਦੇ ਹਾਲ ਹੋ ਗਏ। ਕੌਲਾਂ ਦੇ ਪਿਤਾ ਨੂੰ ਪਤਾ ਲੱਗਾ ਤਾਂ ਉਹ ਬੀਜਾ ਮੱਲ ਕੋਲ਼ ਆਇਆ। ਬੀਜਾ ਮੱਲ ਨੇ ਕੌਲਾਂ ਦੀ ਧਰਮ ਪ੍ਰੀਖਿਆ ਲੈਣ ਲਈ ਚਾਰ ਸ਼ਰਤਾਂ ਰੱਖੀਆਂ- ਕੱਚੇ ਸੂਤ ਦੇ ਧਾਗੇ ਨਾਲ਼ ਕੌਲਾਂ ਖੂਹ ਵਿੱਚੋਂ ਘੜੇ ਨਾਲ ਪਾਣੀ ਕੱਢੇ, ਪੈਰਾਂ ਤੇ ਦੇਗਚਾ ਰੱਖ ਕੇ ਖੀਰ ਬਣਾਏ, ਪੱਟ ਦੇ ਧਾਗੇ ਦੀ ਪੀਂਘ ਝੂਟੇ, ਅਗਨੀ ਪਰੀਖਿਆ ਦੇਵੇ। ਕੌਲਾਂ ਨੇ ਸਾਰੀਆਂ ਪਰੀਖਿਆਵਾਂ ਦੇ ਦਿੱਤੀਆਂ। ਬੀਜਾ ਮੱਲ ਕੌਲਾਂ ਦੀ ਸਚਾਈ ਤੋਂ ਪ੍ਰਭਾਵਿਤ ਹੋਇਆ ਅਤੇ ਉਸ ਨੇ ਉਸ ਨੂੰ ਦੁਬਾਰਾ ਘਰ ਵਸਾ ਲਿਆ।

Scanned by CamScanner

Date : ______
Page : ______

ਸੱਸੀ :- ਸੱਸੀ ਰਣਕੱਛ ਦੇ ਰਾਜੇ ਆਦਮ ਜਾਮ ਦੀ ਪੁੱਤਰੀ ਸੀ। ਜਦ ਉਸ ਦਾ ਜਨਮ ਹੋਇਆ ਤਾਂ ਨਜੂਮੀਆਂ ਨੇ ਰਾਜੇ ਨੂੰ ਦੱਸਿਆ ਕਿ ਇਹ ਲੜਕੀ ਵੱਡੀ ਹੋ ਕੇ ਪਰਿਵਾਰ ਲਈ ਬਦਨਾਮੀ ਦਾ ਕਾਰਨ ਬਣੇਗੀ। ਰਾਜੇ ਨੇਂ ਬਦਨਾਮੀ ਤੋਂ ਡਰਦਿਆਂ ਬਾਲੜੀ ਨੂੰ ਸੰਦੂਕ ਵਿੱਚ ਬੰਦ ਕਰਕੇ ਦਰਿਆ ਵਿੱਚ ਰੋੜ੍ਹ ਦਿੱਤਾ। ਦਰਿਆ ਵਿੱਚ ਰੁੜ੍ਹਦੇ ਜਾਂਦੇ ਸੰਦੂਕ ਨੂੰ ਇੱਕ ਧੋਬੀ ਨੇ ਕੱਢ ਲਿਆ। ਸੰਦੂਕ ਵਿੱਚੋਂ ਮਿਲੀ ਸੁੰਦਰ ਬਾਲੜੀ ਨੂੰ ਧੋਬੀ ਘਰ ਲੈ ਗਿਆ। ਧੋਬੀ ਦੇ ਘਰ ਕੋਈ ਉਲਾਦ ਨਹੀਂ ਸੀ, ਸੋ ਉਹ ਨੇ ਸੱਸੀ ਨੂੰ ਬੜੇ ਲਾਡਾਂ ਦੇ ਨਾਲ਼ ਪਾਲਿਆ। ਹੌਲੀ ਹੌਲੀ ਸੱਸੀ ਖ਼ੂਬਸੂਰਤ ਸੂਰਤ ਦੇ ਨਾਲ਼ ਨਾਲ਼ ਕਲਾਤਮਕ ਸੀਰਤ ਹੋਣ ਕਾਰਨ ਸਹੇਲੀਆਂ ਦੀ ਆਗੂ ਬਣ ਨਗਰ ਵਿੱਚ ਹਰਮਨ ਪਿਆਰੀ ਹੋ ਗਈ।

ਇੱਕ ਵਾਰ ਨਗਰ ਵਿੱਚ ਕਿਸੇ ਚਿਤਰਕਾਰ ਨੇ ਆਪਣੀਆਂ ਤਸਵੀਰਾਂ ਦੀ ਨੁਮਾਇਸ਼ ਲਗਾਈ। ਉਥੇ ਹੀ ਸੱਸੀ ਕੀਚ ਮਕਰਾਨ ਦੇ ਸ਼ਹਿਜ਼ਾਦੇ ਪੁੰਨੂੰ ਦੀ ਤਸਵੀਰ ਦੇਖ ਕੇ ਉਸ ਤੇ ਮੋਹਿਤ ਹੋ ਗਈ। ਪੁੰਨੂੰ ਵੀ ਜਦ ਉਸ ਨੂੰ ਮਿਲਿਆ ਤਾਂ ਉਹ ਵੀ ਉਸ ਦੀ ਖ਼ੂਬਸੂਰਤੀ ਤੇ ਫ਼ਿਦਾ ਹੋ ਗਿਆ ਅਤੇ ਉੱਥੇ ਹੀ ਰਹਿਣ ਲੱਗ ਪਿਆ। ਪੁੰਨੂੰ ਦੇ ਪਿਤਾ ਨੇ ਉਸ ਨੂੰ ਵਾਪਸ ਆਉਣ ਲਈ ਕਿਹਾ ਪਰ ਪੁੰਨੂੰ ਨੇ ਇਨਕਾਰ ਕਰ ਦਿੱਤਾ। ਪੁੰਨੂੰ ਦੇ ਭਰਾਵਾਂ ਨੇ ਆਪਣੇ ਪਿਤਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਪੁੰਨੂੰ ਨੂੰ ਸ਼ਰਾਬ ਪਿਆ ਕੇ ਬੇਹੋਸ਼ ਕਰ ਦਿੱਤਾ ਅਤੇ ਸੱਸੀ ਤੋਂ ਚੋਰੀ ਵਾਪਸ ਮਕਰਾਨ ਲੈ ਗਏ। ਸੱਸੀ ਨੂੰ ਜਦ ਪੁੰਨੂੰ ਦੇ ਚਲੇ ਜਾਣ ਦਾ ਪਤਾ ਲੱਗਾ ਤਾਂ ਉਹ ਵੀ ਉਹਨਾਂ ਦੇ ਮਗਰ ਦੌੜੀ। ਤਪਦੀ ਰੇਤ ਵਾਲ਼ੇ ਥਲਾਂ 'ਚ ਭਟਕਦੀ, ਡਿੱਗਦੀ ਸੱਸੀ ਨੇ ਪੁੰਨੂੰ ਦੀ ਭਾਲ਼ ਵਿੱਚ ਆਪਣੀ ਜਾਨ ਦੇ ਦਿੱਤੀ। ਉਧਰ ਜਦ ਪੁੰਨੂੰ ਨੂੰ ਹੋਸ਼ ਆਈ ਤਾਂ ਉਹ ਵੀ ਵਾਪਸ ਚਲ ਪਿਆ ਤੇ ਸੱਸੀ ਤੇ ਕਬਰ ਤੇ ਪਹੁੰਚ ਕੇ ਉਸ ਨੇ ਆਪਣੀ ਜਾਨ ਦੇ ਦਿੱਤੀ।

ਜਵਾਹਰ ਸਿੰਘ ਸੰਧੂ 9417166386

Scanned by CamScanner

Date :
Page :

ਜਗਤਾਰ ਸਿੰਘ ਸੋਹੀ – 9417166386

**ਸਰਮਦ** – ਸਰਮਦ ਦਾ ਜਨਮ ਈਰਾਨ ਦੇ ਇੱਕ ਯਹੂਦੀ ਪਰਿਵਾਰ ਵਿੱਚ ਹੋਇਆ। ਇਹ ਸ਼ਾਹਜਹਾਂ ਬਾਦਸ਼ਾਹ ਦੇ ਸਮੇਂ ਵਪਾਰ ਦੇ ਸਿਲਸਿਲੇ ਵਿੱਚ ਦਿੱਲੀ ਆਇਆ। ਇੱਥੇ ਸੂਫ਼ੀ ਫ਼ਕੀਰਾਂ ਦੀ ਸੰਗਤ ਕਾਰਨ ਦੁਨੀਆਂ ਤੋਂ ਉਪਰਾਮ ਹੋ ਗਿਆ ਤੇ ਆਪਣਾ ਸਾਰਾ ਧਨ ਦੌਲਤ ਗ਼ਰੀਬਾਂ ਵਿੱਚ ਵੰਡ ਦਿੱਤਾ। ਸਰਮਦ ਨੇ ਫ਼ਾਰਸੀ ਵਿੱਚ ਕੁਝ ਰੁਬਾਈਆਂ ਵੀ ਲਿਖੀਆਂ ਜਿੰਨ੍ਹਾਂ ਨੂੰ ਉਹ ਉੱਚੀ ਸੁਰ ਵਿੱਚ ਦਿੱਲੀ ਦੇ ਬਜ਼ਾਰਾਂ ਵਿੱਚ ਗਾਇਆ ਕਰਦਾ ਸੀ। ਦਾਰਾ ਸ਼ਿਕੋਹ ਨਾਲ਼ ਉਸ ਦੀ ਨਿੱਘੀ ਦੋਸਤੀ ਸੀ। ਗਾਉਂਦਿਆਂ ਹੋਇਆਂ ਕਈ ਵਾਰ ਉਸ ਨੂੰ ਅਜਿਹਾ ਹੌਲ ਪੈਂਦਾ ਕਿ ਉਹ ਆਪਣੇ ਕੱਪੜੇ ਫਾੜ ਦਿੰਦਾ ਅਤੇ ਨੰਗਾ ਹੋ ਕੇ ਵਿਚਰਨ ਲੱਗਦਾ। ਔਰੰਗਜ਼ੇਬ ਦੇ ਗੱਦੀ ਤੇ ਬਹਿੰਦਿਆਂ ਹੀ ਹੋਰ ਸੂਫ਼ੀ ਫ਼ਕੀਰਾਂ ਦੇ ਨਾਲ਼ ਸਰਮਦ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਸਰਮਦ ਨੂੰ ਜੁੰਮੇ ਦੇ ਦਿਨ ਜ਼ਬਰਦਸਤੀ ਕੱਪੜੇ ਪਹਿਨਾ ਕੇ ਨਮਾਜ਼ ਪੜ੍ਹਨ ਲਈ ਦਿੱਲੀ ਦੀ ਸ਼ਾਹੀ ਮਸਜਿਦ ਵਿਚ ਲਿਆਂਦਾ ਗਿਆ। ਜਦੋਂ ਸ਼ਾਹੀ ਮੁੱਲਾ ਨਮਾਜ ਪੜ੍ਹ ਰਿਹਾ ਸੀ ਸਭ ਨਮਾਜ਼ੀ ਸਿਜਦੇ ਵਿੱਚ ਝੁਕੇ ਹੋਏ ਸਨ ਤਾਂ ਉਸ ਵੇਲ਼ੇ ਸਰਮਦ ਨੇ ਜ਼ਮੀਨ ਉੱਤੇ ਜ਼ੋਰ-ਜ਼ੋਰ ਦੀ ਪੈਰ ਮਾਰਦਿਆਂ ਥੁੱਕ ਦਿੱਤਾ। ਕਾਰਨ ਪੁੱਛਣ ਤੇ ਸਰਮੰਦ ਨੇ ਕਿਹਾ ਕਿ ਮੁੱਲਾ ਦਾ ਧਿਆਨ ਨਮਾਜ ਵਿੱਚ ਹੀ ਨਹੀ ਤਾਂ ਅਜਿਹੀ ਨਮਾਜ ਪੜ੍ਹਨ ਦਾ ਕੀ ਫ਼ਾਇਦਾ। ਇਸ ਗੱਲ ਤੇ ਔਰੰਗਜ਼ੇਬ ਦੇ ਹੁਕਮ ਤੇ ਸਰਮਦ ਨੂੰ ਜਾਮਾ ਮਸਜਿਦ ਦੇ ਪੈਰਾਂ ਵਿੱਚ ਕਤਲ ਕਰ ਦਿੱਤਾ ਗਿਆ। ਇਹ ਵਾਕਿਆ 1661 ਈ: ਦਾ ਹੈ। ਕਿਹਾ ਜਾਂਦਾ ਹੈ ਕਿ ਜਦ ਸਰਮਦ ਦਾ ਸਿਰ ਧੜ ਨਾਲ਼ੋਂ ਵੱਖ ਹੋਇਆ ਤਾਂ ਉਸ ਨੇ ਉੱਚੀ ਅਵਾਜ਼ ਵਿੱਚ ਕਲਮਾ ਪੜ੍ਹਿਆ ਅਤੇ ਫਿਰ ਆਪਣੇ ਵੱਢੇ ਹੋਏ ਸਿਰ ਨੂੰ ਹੱਥਾਂ ਵਿੱਚ ਚੁੱਕ ਕੇ ਨੱਚਦਾ ਹੋਇਆ ਸ਼ਾਹੀ ਮਸਜਿਦ ਦੀਆਂ ਪੌੜੀਆਂ ਚੜ੍ਹਨ ਲੱਗ ਪਿਆ। ਔਰੰਗਜ਼ੇਬ ਅਤੇ ਮੌਲਾਣੇ ਇਹ ਦੇਖ ਕੇ ਭੈਅ-ਭੀਤ ਹੋ ਗਏ। ਸਰਮਦ ਦੇ ਉਸਤਾਦ ਮੁਲਾਣੇ ਦੇ ਕਹਿਣ ਤੇ ਸਰਮਦ ਸ਼ਾਹੀ ਮਸਜਿਦ ਦੀਆਂ ਪੌੜੀਆਂ ਉੱਤਰ ਕੇ ਢੇਰੀ ਹੋ ਗਿਆ। ਇਥੇ ਹੀ ਸਰਮਦ ਦੀ ਲਾਲ ਰੰਗ ਦੀ ਕਬਰ ਬਣੀ ਹੋਈ ਹੈ। ਹਰ ਸਾਲ਼ ਉੱਥੇ ਉਰਸ ਦਾ ਮੇਲਾ ਲੱਗਦਾ ਹੈ। ਸਰਮਦ ਦੀ ਕਬਰ ਦੇ ਨਾਲ਼ ਹੀ ਹਰੇ ਰੰਗ ਦੀ ਕਬਰ ਉਸ ਦੇ ਮੁਰਸ਼ਦ ਹਰੇ ਭਰੇ ਸਾਹਿਬ ਦੀ ਹੈ।

ਸੋਹਣਾ ਜੈਨੀ: ਪੰਜਾਬੀ ਕਿੱਸਾ ਕਾਵਿ ਵਿੱਚ ਸੋਹਣਾ ਜੈਨੀ ਦੀ ਪ੍ਰੀਤ ਗਾਥਾ ਦਾ ਬੜਾ ਸੰਖੇਪ ਵਰਨਣ ਹੀ ਮਿਲਦਾ ਹੈ। ਜਿਲ੍ਹਾ ਗੁਜਰਾਤ (ਹੁਣ ਪਾਕਿਸਤਾਨ) ਦੇ ਇੱਕ ਪਿੰਡ ਚੱਕ ਅਬਦੁੱਲਾ ਵਿਖੇ ਅਬਦੁੱਲਾ ਨਾਂ ਦੇ ਜਿਮੀਂਦਾਰ ਦੇ ਘਰ ਸੋਹਣੇ ਦਾ ਜਨਮ ਹੋਇਆ। ਸੋਹਣਾ ਛੈਲ-ਛਬੀਲਾ ਬਾਂਕਾ ਗੱਭਰੂ ਸੀ। ਇੱਕ ਦਿਨ ਪਿੰਡ ਵਿੱਚ ਜੋਗੀਆਂ ਦਾ ਡੇਰਾ ਆਣ ਉੱਤਰਿਆ। ਪਿੰਡ ਦੇ ਖੂਹ ਤੇ ਜੋਗੀਆਂ ਨੇ ਮੁਕਾਮ ਕੀਤਾ ਹੋਇਆ ਸੀ। ਇੱਕ ਦਿਨ ਸੋਹਣਾ ਖੇਡਦਾ ਹੋਇਆ ਉਸ ਖੂਹ ਤੇ ਪੁੱਜਿਆ, ਜਿਥੇ ਡੇਰੇ ਦੇ ਸਰਦਾਰ ਸਮਰਨਾਥ ਦੀ ਬਾਂਕੀ ਧੀ ਜੈਨੀ ਆਪਣੀ ਸਹੇਲੀ ਹੀਰਾਂ ਦੇ ਨਾਲ ਪਾਣੀ ਭਰ ਰਹੀ ਸੀ। ਜੈਨੀ ਦੀ ਸੂਰਤ ਤੱਕ ਕੇ ਸੋਹਣਾ ਆਪਣਾ ਕਰਾਰ ਖੋ ਬੈਠਾ। ਅਗਲੇ ਦਿਨ ਹੀ ਡੇਰਾ ਓਥੋਂ ਕੂਚ ਕਰ ਗਿਆ। ਸੋਹਣਾ ਲੱਭਦਾ ਲਭਾਉਂਦਾ ਡੇਰੇ ਦੇ ਅਗਲੇ ਪੜਾਅ ਤੇ ਜਾ ਪੁੱਜਾ ਤੇ ਜੈਨੀ ਦੀ ਨੇੜਤਾ ਪ੍ਰਾਪਤ ਕਰਨ ਲਈ ਉਸ ਨੇ ਸਮਰਨਾਥ ਦੇ ਖੋਤੇ ਚਾਰਨ ਦੀ ਨੌਕਰੀ ਕਰ ਲਈ। ਅਸਲੀਅਤ ਪਤਾ ਲੱਗਣ ਤੇ ਜੈਨੀ ਵੀ ਉਸ ਨੂੰ ਮੁਹੱਬਤ ਕਰਨ ਲੱਗੀ। ਹੌਲੀ ਹੌਲੀ ਜੋਗੀਆਂ ਨੂੰ ਦੋਵਾਂ ਦੇ ਇਸ਼ਕ ਦੀ ਭਿਣਕ ਪੈ ਗਈ। ਜੋਗੀਆਂ ਨੇ ਸੋਹਣੇ ਨੂੰ ਮਾਰਨ ਦੇ ਕਈ ਹੀਲੇ ਕੀਤੇ ਪਰ ਹਰ ਵਾਰ ਸੋਹਣਾ ਬਚ ਜਾਂਦਾ ਰਿਹਾ। ਆਖ਼ਰ ਇੱਕ ਦਿਨ ਮੌਕਾ ਪਾ ਕੇ ਸੋਹਣਾ ਜੈਨੀ ਨੂੰ ਲੈ ਕੇ ਫ਼ਰਾਰ ਹੋ ਗਿਆ ਅਤੇ ਅਬਦੁੱਲਾ ਪੁਰ ਪਹੁੰਚ ਕੇ ਉਹਨਾਂ ਨੇ ਸ਼ਾਦੀ ਕਰ ਲਈ।

ਜਗਤਾਰ ਸਿੰਘ ਪਨੂੰ 94171-66388

Date :
Page :

ਸੁੰਦਰਾਂ — ਪੂਰਨ ਭਗਤ ਦੇ ਕਿੱਸੇ ਵਿੱਚ ਰਾਣੀ ਸੁੰਦਰਾਂ ਦਾ ਜ਼ਿਕਰ ਆਉਂਦਾ ਹੈ। ਗੁਰੂ ਗੋਰਖ ਨਾਥ ਦੇ ਟਿੱਲੇ ਦੇ ਨੇੜੇ ਹੀ ਜਿਹਲਮ (ਪੱਛਮੀ ਪੰਜਾਬ) ਦੇ ਨਜ਼ਦੀਕ ਇੱਕ ਛੋਟੇ ਜਿਹੇ ਮਹਿਲ (ਪੌਲਰ) ਵਿੱਚ ਰਹਿੰਦੀ ਸੀ। ਪੂਰਨ ਭਗਤ ਨੂੰ ਜੋਗ ਦੇਣ ਤੋਂ ਬਾਅਦ ਗੋਰਖ ਨਾਥ ਨੇ ਉਸ ਨੂੰ ਪਹਿਲੀ ਭਿੱਛਿਆ ਲੈਣ ਲਈ ਨੇੜੇ ਦੀ ਅਬਾਦੀ ਵਿੱਚ ਘੱਲਿਆ। ਉਹ ਭਿੱਛਿਆ ਲੈਣ ਲਈ ਰਾਣੀ ਸੁੰਦਰਾਂ ਦੇ ਪੌਲਰ ਹੇਠ ਜਾ ਖਲੋਤਾ। ਜਦ ਰਾਣੀ ਸੁੰਦਰਾਂ ਦੀਆਂ ਗੋਲੀਆਂ ਖੈਰ ਪਾਉਣ ਆਈਆਂ ਤਾਂ ਪੂਰਨ ਨੇ ਰਾਣੀ ਸੁੰਦਰਾਂ ਹੱਥੋਂ ਹੀ ਖੈਰ ਲੈਣ ਦੀ ਜ਼ਿਦ ਕੀਤੀ।

ਪੂਰਨ ਦੀ ਸੁੰਦਰਤਾ ਦੇਖ ਕੇ ਰਾਣੀ ਸੁੰਦਰਾਂ ਉਸ ਤੇ ਮੋਹਿਤ ਹੋ ਗਈ। ਉਸ ਨੇ ਪੂਰਨ ਨੂੰ ਹੀਰੇ-ਮੋਤੀਆਂ ਦੀ ਭਿੱਛਿਆ ਦੇ ਕੇ ਵਿਦਾ ਕੀਤਾ। ਪੂਰਨ ਜਦ ਗੁਰੂ ਗੋਰਖ ਨਾਥ ਕੋਲ ਗਿਆ ਤਾਂ ਗੁਰੂ ਗੋਰਖ ਨਾਥ ਨੇ ਉਸ ਨੂੰ ਹੀਰੇ ਮੋਤੀ ਮੋੜ ਕੇ ਪੱਕਾ ਭੋਜਨ ਲਿਆਉਣ ਲਈ ਕਿਹਾ। ਪੂਰਨ ਨੇ ਰਾਣੀ ਸੁੰਦਰਾਂ ਨੂੰ ਹੀਰੇ ਮੋਤੀ ਜਾ ਮੋੜੇ। ਪੂਰਨ ਦਾ ਤਿਆਗ ਦੇਖ ਕੇ ਖੁਸ਼ ਹੋਈ ਰਾਣੀ ਸੁੰਦਰਾਂ ਨੇ ਆਪ ਆਪਣੇ ਹੱਥੀਂ ਭੋਜਨ ਤਿਆਰ ਕੀਤਾ ਅਤੇ ਪੂਰਨ ਦੇ ਨਾਲ ਨਾਥ ਕੋਲ ਪਹੁੰਚੀ। ਨਾਥ ਉਸ ਦੀ ਸੇਵਾ ਭਾਵਨਾ ਤੋਂ ਬੜਾ ਪ੍ਰਸੰਨ ਹੋਇਆ ਅਤੇ ਉਸ ਨੇ ਰਾਣੀ ਨੂੰ ਵਰ ਮੰਗਣ ਲਈ ਕਿਹਾ। ਰਾਣੀ ਨੇ ਆਪਣੇ ਵਾਸਤੇ ਪੂਰਨ ਮੰਗ ਲਿਆ।

ਗੁਰੂ ਗੋਰਖ ਨਾਥ ਦੇ ਅਦੇਸ਼ ਤੇ ਪੂਰਨ ਅਨਮੰਨੇ ਦਿਲ ਨਾਲ ਰਾਣੀ ਸੁੰਦਰਾਂ ਦੇ ਮਹਿਲਾਂ ਵਿੱਚ ਆ ਗਿਆ ਪਰ ਉਸ ਨੂੰ ਇਹ ਮਹਿਲ ਬੰਧਨ ਜਾਪੇ ਅਤੇ ਉਸ ਰਾਤ ਨੂੰ ਜੰਗਲ ਪਾਣੀ ਦੇ ਬਹਾਨੇ ਮਹਿਲਾਂ ਤੋਂ ਖਿਸਕ ਗਿਆ। ਰਾਣੀ ਸੁੰਦਰਾਂ ਨੂੰ ਜਦ ਪੂਰਨ ਦੇ ਚਲੇ ਜਾਣ ਦਾ ਪਤਾ ਲੱਗਾ ਤਾਂ ਉਸ ਨੇ ਵਿਛੋੜੇ ਦੇ ਸੱਲ ਨੂੰ ਨਾ ਸਹਾਰਦਿਆਂ ਪੌਲਰ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।

ਜਗਤਾਰ ਸਿੰਘ ਸਿੱਧੂ — 94171-66386

Scanned by CamScanner

Date :
Page :

ਸ਼ੀਰੀ (+ ਫਰਹਾਦ) :— ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ੀਰੀ ਈਰਾਨ ਦੇ ਸ਼ਾਹ ਖ਼ੁਸਰੋ ਪਰਵੇਜ਼ ਦੀ ਇਸਤਰੀ ਸੀ ਜੋ ਫਰਹਾਦ ਨੂੰ ਪਿਆਰ ਕਰਦੀ ਸੀ। ਹੋਰ ਕਿੱਸਾ-ਕਾਰਾਂ ਅਨੁਸਾਰ ਸ਼ੀਰੀ ਇਸਤੰਬੋਲ ਦੇ ਰਾਜੇ ਅਜੀਜ਼ ਦੀ ਪੁੱਤਰੀ ਸੀ ਜੋ ਬੜੀ ਹੀ ਰੂਪਵਤੀ ਸੀ। ਰਾਜੇ ਅਜੀਜ਼ ਨੇ ਉਸ ਲਈ ਇੱਕ ਰੰਗ ਮਹਿਲ ਬਣਵਾਇਆ, ਜਿਸ ਦੀ ਉਸਾਰੀ ਵੇਲੇ ਕਾਰੀਗਰ ਫਰਹਾਦ ਜੋ ਇੱਕ ਨਿਪੁੰਨ ਚਿਤਰਕਾਰ ਵੀ ਸੀ, ਸ਼ੀਰੀ ਉੱਪਰ ਮੋਹਿਤ ਹੋ ਗਿਆ। ਉਹ ਸ਼ੀਰੀ ਦੇ ਪਿਆਰ ਵਿੱਚ ਇੰਨਾਂ ਗੁਆਚ ਗਿਆ ਕਿ ਉਹ ਕੰਧਾਂ ਤੇ ਸ਼ੀਰੀ ਦੀਆਂ ਮੂਰਤਾਂ ਵਾਹੁਣ ਲੱਗ ਪਿਆ। ਸ਼ੀਰੀ ਵੀ ਉਸ ਨੂੰ ਬੇਹੱਦ ਚਾਹੁਣ ਲੱਗੀ। ਸ਼ਾਹ ਅਜੀਜ਼ ਨੇ ਦੋਹਾਂ ਨੂੰ ਰੋਕਣ ਲਈ ਬੜੇ ਡਰਾਵੇ ਦਿੱਤੇ, ਲਾਲਚ ਦੀ, ਪਰ ਸਭ ਬੇਕਾਰ। ਆਪਣੇ ਮੰਤਰੀਆਂ ਦੇ ਕਹਿਣ ਤੇ ਫਰਹਾਦ ਨੂੰ ਇਹ ਸ਼ਰਤ ਰੱਖੀ ਗਈ ਕਿ ਜੇ ਉਹ ਸ਼ੀਰੀ ਦੇ ਸੁੱਕੇ ਬਾਗ਼ ਨੂੰ ਪਾਣੀ ਦੇਣ ਲਈ ਪਰਬਤ ਨੂੰ ਚੀਰ ਕੇ ਉਸ ਪਾਰੋਂ ਨਹਿਰ ਕੱਢ ਲਿਆਵੇ ਤਾਂ ਸ਼ੀਰੀ ਉਸ ਦੀ ਹੋ ਜਾਵੇਗੀ। ਕੰਮ ਬੜਾ ਹੀ ਔਖਾ ਸੀ ਪਰ ਫਰਹਾਦ ਨੇ ਤੇਸਾ ਚੁੱਕਿਆ ਅਤੇ ਪਰਬਤ ਵੱਲ ਤੁਰ ਪਿਆ।

ਫਰਹਾਦ ਨੇ ਤੇਸੇ ਨਾਲ ਪਰਬਤ ਤੋੜਨਾ ਸ਼ੁਰੂ ਕਰ ਦਿੱਤਾ। ਉਸ ਦਾ ਸਿਦਕ ਦੇਖ ਕੇ ਫਰਿਸ਼ਤੇ ਵੀ ਉਸ ਦੀ ਮਦਦ ਲਈ ਆ ਪਹੁੰਚੇ। ਅਸੰਭਵ ਕੰਮ ਸੰਭਵ ਹੋ ਗਿਆ ਅਤੇ ਨਹਿਰ ਦਾ ਪਾਣੀ ਸ਼ੀਰੀ ਦੇ ਬਾਗ਼ ਕੋਲ ਪਹੁੰਚਣ ਵਾਲਾ ਹੀ ਸੀ ਕਿ ਰਾਜੇ ਨੇ ਇੱਕ ਚਾਲ ਚੱਲੀ। ਉਸ ਨੇ ਇੱਕ ਫਫੇਕੁਟਣੀ ਨੂੰ ਮੰਗਤੀ ਦੇ ਭੇਸ ਵਿੱਚ ਤੇਸਾ ਚਲਾ ਰਹੇ ਫਰਹਾਦ ਕੋਲ ਭੇਜਿਆ ਜਿਸ ਨੇ ਉਸ ਨੂੰ ਸ਼ੀਰੀ ਦੀ ਮੌਤ ਦੀ ਝੂਠੀ ਖਬਰ ਜਾ ਸੁਣਾਈ। ਖਬਰ ਸੁਣ ਕੇ ਫਰਹਾਦ ਨੇ ਆਪਣੇ ਸਿਰ ਵਿੱਚ ਤੇਸਾ ਮਾਰ ਕੇ ਉੱਥੇ ਹੀ ਪ੍ਰਾਣ ਤਿਆਗ ਦਿੱਤੇ। ਫਰਹਾਦ ਦੀ ਮੌਤ ਦੀ ਖ਼ਬਰ ਸੁਣ ਕੇ ਸ਼ੀਰੀ ਨੇ ਵੀ ਮਹਿਲ ਦੀ ਛੱਤ ਤੋਂ ਛਾਲ ਮਾਰ ਦਿੱਤੀ ਅਤੇ ਮਰ ਗਈ।

ਜਗਤਾਰ ਸਿੰਘ ਸੋਖੀ 94171 66386

Date : ________
Page : ________

ਸ਼ਾਹ ਮਦਾਰ :— ਸ਼ਾਹ ਮਦਾਰ ਦੇ ਜੀਵਨ ਨਾਲ਼ ਬਹੁਤ ਸਾਰੀਆਂ ਲੋਕਧਾਰਾ ਅਤੇ ਰਵਾਇਤਾਂ ਜੁੜੀਆਂ ਹੋਈਆਂ ਹਨ। ਮਦਾਰ ਪੰਥੀ ਤਮਾਸ਼ਾ ਦਿਖਾਉਣ ਵਾਲ਼ੇ ਮਦਾਰੀ ਸ਼ਾਹ ਮਦਾਰ ਦੇ ਪੈਰੋਕਾਰ ਮੰਨੇ ਜਾਂਦੇ ਹਨ। ਇਸ ਫ਼ਕੀਰ ਦਾ ਅਸਲ ਨਾਮ ਬਦੀਉੱਦੀਨ ਸ਼ਾਹ ਮਦਾਰ ਸੀ। ਇਹ ਸ਼ੇਖ਼ ਮੁਹੰਮਦ ਤੈਫ਼ੂਰੀ ਦਾ ਚੇਲਾ ਸੀ। ਇਸ ਦਾ ਜਨਮ 1050 ਈ: ਨੂੰ ਸੈਲਪੋ ਵਿੱਚ ਹੋਇਆ। ਸੁਲਤਾਨ ਇਬਰਾਹੀਮ ਸ਼ੁਰਕੀ ਦੇ ਰਾਜ ਸਮੇਂ ਇਹ ਹਿੰਦੁਸਤਾਨ ਆ ਗਏ ਤੇ ਪਹਿਲਾਂ ਕਾਨ੍ਹਪੁਰ ਅਤੇ ਫਿਰ ਫ਼ਰੁਖਾਬਾਦ ਰਹਿਣ ਲੱਗ ਪਏ। ਇਥੇ ਇੱਕ ਬਦਰੂਹ ਦਿਓ ਰਹਿੰਦਾ ਸੀ। ਸ਼ਾਹ ਮਦਾਰ ਨੇ ਆਪਣੀ ਸ਼ਕਤੀ ਨਾਲ਼ ਉਸ ਨੂੰ ਭਜਾ ਦਿੱਤਾ ਅਤੇ ਆਪ ਉੱਥੇ ਰਹਿਣ ਲੱਗ ਪਏ। ਲਗਭਗ 100 ਸਾਲ ਦੀ ਉਮਰ ਭੋਗ ਕੇ ਆਪ ਇਸ ਅਸਥਾਨ ਮਕਨਪੁਰ ਵਿਖੇ ਫ਼ੌਤ ਹੋ ਗਏ। ਕਾਨਪੁਰ ਤੋਂ ੫੦ ਮੀਲ ਦੂਰ ਮਕਨਪੁਰ ਵਿਖੇ ਸ਼ਾਹ ਮਦਾਰ ਦੀ ਮਜ਼ਾਰ ਹੈ। ਗਲਾਸਰੀ ਅਨੁਸਾਰ ਸ਼ੇਖ਼ ਮਦਾਰ ਰੋਮ ਦਾ ਰਹਿਣ ਵਾਲ਼ਾ ਸੀ। ਸੁਭਾ ਦਾ ਸਾਹਸੀ ਅਤੇ ਸੈਰ ਸਪਾਟੇ ਦਾ ਸ਼ੌਕੀਨ ਹੋਣ ਕਾਰਨ ਭਾਰਤ ਆ ਗਿਆ ਅਤੇ ਇੱਕ ਭੌਡ ਜੋ ਬਾਦਸ਼ਾਹ ਦਾ ਮਨਪਰਚਾਵਾ ਕਰਦਾ ਸੀ ਦੇ ਘਰ ਰਹਿਣ ਲੱਗਾ। ਭੌਡ ਦਾ ਰਾਜ-ਦਰਬਾਰ ਵਿੱਚ ਮਾਣ ਤਾਣ ਹੋਰ ਵਧ ਗਿਆ। ਭੌਡ ਅਤੇ ਉਸ ਦੀਆਂ ~~ਲੜਕ~~ ਲੜਕੀਆਂ ਦਾ ਵਿਸ਼ਵਾਸ ਸੀ ਕਿ ਸ਼ਾਹ ਮਦਾਰ ਕੋਲ ਦੈਵੀ ਸ਼ਕਤੀ ਹੈ। ਇੱਕ ਦਿਨ ਵਜ਼ੀਰ ਦੇ ਕਹਿਣ ਤੇ ਰਾਜੇ ਨੇ ਭੌਡ ਨੂੰ ਸ਼ੇਰ ਨਾਲ਼ ਲੜਨ ਦਾ ਹੁਕਮ ਦਿੱਤਾ। ਭੌਡ ਨੇ ਸ਼ਾਹ ਮਦਾਰ ਤੋਂ ਮਦਦ ਮੰਗੀ। ਸ਼ਾਹ ਮਦਾਰ ਨੇ ਆਪਣੀ ਰਹੱਸਮਈ ਸ਼ਕਤੀ ਨਾਲ ਸ਼ੇਰ ਤੋਂ ਈਰਖਾਲੂ ਵਜ਼ੀਰ ਮਰਵਾ ਦਿੱਤਾ। ਇਹ ਵੇਖ ਕੇ ਬਾਦਸ਼ਾਹ ਹੈਰਾਨ ਰਹਿ ਗਿਆ। ਉਹ ਸਮਝ ਗਿਆ ਕਿ ਇਹ ਮੌਅਜਜ਼ਾ ਕਿਸੇ ਫ਼ਕੀਰ ਦਾ ਹੈ। ਸ਼ਾਹ ਮਦਾਰ ਗੁਪਤ ਰਹਿਣਾ ਚਾਹੁੰਦਾ ਸੀ ਇਸ ਲਈ ਉਸ ਨੇ ਸ਼ਹਿਰ ਛੱਡਣ ਦਾ ਫ਼ੈਸਲਾ ਕਰ ਲਿਆ। ਜਦ ਭੌਡ ਦੀਆਂ ਕੁੜੀਆਂ ਨੇ ਉਸ ਦੇ ਜਾਣ ਤੇ ਆਪਣੀ ਜਾਨ ਦੇਣ ਦਾ ਫੈਸਲਾ ਕਰ ਲਿਆ ਤਾਂ ਉਹ ਕੁੜੀਆਂ ਸਮੇਤ ਅਲੋਪ ਹੋ ਗਿਆ। ਇੱਕ ਹੋਰ ਕਥਾ ਅਨੁਸਾਰ ਉਹ ਦੱਖਣ ਵੱਲ ਚਲਾ ਗਿਆ। ਸ਼ਾਹ ਮਦਾਰ ਕੋਲ ਹਬਸੇ-ਦਮ ਸ਼ਕਤੀ ਸੀ ਇਸ ਕਰਕੇ ਉਸ ਨੂੰ ਜ਼ਿੰਦਾ ਸ਼ਾਹ ਮਦਾਰ ਵੀ ਕਿਹਾ ਜਾਂਦਾ ਹੈ। ਸ਼ਾਹ ਮਦਾਰ ਦਾ ਇੱਕ ਮੰਦਰ ਕਾਂਗੜੇ ਵੀ ਹੈ, ਜਿਸ ਦੀ ਹਿੰਦੂਆਂ ਵਿੱਚ ਕਾਫ਼ੀ ਮਾਨਤਾ ਹੈ।

Scanned by CamScanner

Date :
Page :

ਸਿਰਕੱਪ : ਰਾਜਾ ਰਸਾਲੂ ਦਾ ਸਮਕਾਲੀ ਰਾਜਾ ਸਿਰਕੱਪ ਜੋ ਕਿ ਏਕੀਕਰਨ ਬ੍ਰਾਹਮਣ ਘਰਾਣੇ ਨਾਲ ਸੰਬੰਧਿਤ ਸੀ। ਇਸ ਦਾ ਰਾਜ ਪੰਜਾਬ, ਸਿੰਧ ਅਤੇ ਮਥੁਰਾ ਦੇ ਇਲਾਕਿਆਂ ਤੱਕ ਫੈਲਿਆ ਹੋਇਆ ਸੀ। ਇਸ ਦਾ ਸਮਾਂ ਈਸਵੀ ਸੰਨ ਦੇ ਮੁੱਢਲੇ ਦਹਾਕਿਆਂ ਦਾ ਹੈ। ਰਵਾਇਤਾਂ ਅਨੁਸਾਰ ਰਾਜੇ ਸਿਰਕੱਪ ਨੂੰ ਚੌਪਟ ਖੇਡਣ ਦਾ ਬੜਾ ਸ਼ੌਕ ਸੀ। ਉਹ ਹਮੇਸ਼ਾ ਸਿਰਾਂ ਦੀ ਬਾਜ਼ੀ ਲਗਾ ਕੇ ਚੌਪਟ ਖੇਡਦਾ ਸੀ। ਸ਼ਰਤ ਅਨੁਸਾਰ ਬਾਜ਼ੀ ਜਿੱਤਣ ਵਾਲਾ ਹਾਰਨ ਵਾਲੇ ਦਾ ਸਿਰ ਕੱਪ (ਕਲਮ) ਕਰ ਲੈਂਦਾ। ਸਿਰਕੱਪ ਰਾਜਾ ਬਾਜ਼ੀ ਖੇਡਣ ਵੇਲੇ ਆਪਣੇ ਨਾਲ ਇੱਕ ਚੂਹਾ ਰੱਖਦਾ ਸੀ ਜੋ ਕਿ ਅਪੋਛਲੇ ਹੀ ਗੋਟੀਆਂ (ਨਰਦਾਂ) ਵਿੱਚ ਹੇਰਾ ਫ਼ੇਰੀ ਕਰ ਦਿੰਦਾ ਸੀ ਅਤੇ ਇਸ ਤਰਾਂ ਸਿਰਕੱਪ ਹਰ ਬਾਜ਼ੀ ਜਿੱਤ ਲੈਂਦਾ ਸੀ। ਫਿਰ ਉਹ ਹਾਰੇ ਹੋਏ ਰਾਜੇ ਦਾ ਸਿਰ ਵੱਢ ਕੇ ਇੱਕ ਚਬੂਤਰੇ ਹੇਠ ਦਬਾ ਦਿੰਦਾ ਅਤੇ ਉਸ ਦੇ ਰਾਜ ਤੇ ਕਬਜ਼ਾ ਕਰ ਲੈਂਦਾ। ਰਾਜੇ ਰਸਾਲੇ ਨੇ ਵੀ ਉਸ ਨਾਲ ਸ਼ਤਰੰਜ ਖੇਡੀ। ਤਿੰਨ ਬਾਜ਼ੀਆਂ ਦੀ ਸ਼ਰਤ ਲੱਗੀ। ਪਹਿਲੀ ਬਾਜ਼ੀ ਰਾਜਾ ਰਸਾਲੂ ਹਾਰ ਗਿਆ, ਪਰ ਦੂਜੀ ਬਾਜ਼ੀ ਵੇਲੇ ਰਾਜੇ ਰਸਾਲੂ ਨੇ ਸਿਰਕੱਪ ਦੀ ਚਲਾਕੀ ਤਾੜ ਲਈ ਅਤੇ ਆਪਣੇ ਕੋਲ ਇੱਕ ਬਿੱਲੀ ਬਿਠਾ ਲਈ। ਬਿੱਲੀ ਤੋਂ ਡਰਦਿਆਂ ਚੂਹੇ ਨੇ ਗੋਟੀਆਂ ਵਿੱਚ ਹੇਰਾ ਫੇਰੀ ਨਾ ਕੀਤੀ ਅਤੇ ਇਸ ਤਰਾਂ, ਸਿਰਕੱਪ ਬਾਕੀ ਬਾਜ਼ੀਆਂ ਹਾਰ ਗਿਆ। ਸ਼ਰਤ ਅਨੁਸਾਰ ਜਦ ਰਾਜਾ ਰਸਾਲੂ ਸਿਰਕੱਪ ਦਾ ਸਿਰ ਵੱਢਣ ਲੱਗਾ ਤਾਂ ਰਾਣੀਆਂ ਨੇ ਉਸ ਦੀ ਜਾਨ ਬਖਸ਼ ਦੇਣ ਦੇ ਤਰਲੇ ਪਾਏ। ਰਾਜੇ ਰਸਾਲੂ ਨੇ ਰਾਜੇ ਸਿਰਕੱਪ ਤੋਂ ਇਹ ਵਾਅਦਾ ਲਿਆ ਕੇ ਅੱਗੇ ਤੋਂ ਉਹ ਸਿਰ ਦੀ ਬਾਜ਼ੀ ਲਗਾ ਕੇ ਸ਼ਤਰੰਜ ਨਾ ਖੇਡੇ ਅਤੇ ਉਸ ਨੇ ਸਿਰਕੱਪ ਦੀ ਜਾਨ ਬਖਸ਼ ਦਿੱਤੀ। ਰਾਜੇ ਸਿਰਕੱਪ ਨੇ ਇਸ ਅਹਿਸਾਨ ਬਦਲੇ ਖੁਸ਼ੀ-ਖੁਸ਼ੀ ਆਪਣੀ ਧੀ ਕੋਕਿਲਾਂ ਦਾ ਵਿਆਹ ਰਾਜੇ ਰਸਾਲੂ ਦੇ ਨਾਲ ਕਰ ਦਿੱਤਾ।

— ਜਗਤਾਰ ਸਿੰਘ ਸੋਖੀ
9417166386

Scanned by CamScanner

Date :
Page :

ਸੈਫ਼ੁਲ ਮਲੂਕ : ਮਿਸਰ ਦੇ ਬਾਦਸ਼ਾਹ ਆਸਿਮ ਸ਼ਾਹ ਨੇ ਆਪਣੇ ਪੁੱਤਰ ਸੈਫ਼ੁਲ ਮਲੂਕ ਦੇ 14ਵੇਂ ਜਨਮ ਦਿਨ ਤੇ ਇੱਕ ਸਮਾਗਮ ਕੀਤਾ ਇਸ ਮੌਕੇ ਮਿਲੇ ਤੋਹਫ਼ਿਆਂ ਵਿੱਚ ਕੁਝ ਸੁਲੇਮਾਨੀ ਮੁਹਰਾਂ (ਸੋਨੇ ਦੇ ਸਿੱਕੇ) ਵੀ ਸਨ, ਜਿਨ੍ਹਾਂ ਤੇ ਇਕ ਪਾਸੇ ਸੈਫ਼ੁਲ ਮਲੂਕ ਅਤੇ ਦੂਸਰੇ ਪਾਸੇ ਬਦੀਆ ਜਮਾਲ ਦੀ ਤਸਵੀਰ ਉੱਕਰੀ ਹੋਈ ਸੀ। ਇਹ ਸਾਰੀ ਮੁਹਰਾਂ ਬਦੀਆ ਜਮਾਲ ਦੇ ਦਾਦੇ ਸੁਲੇਮਾਨ ਨਬੀ ਨੇ ਭੇਜੀਆਂ ਸਨ, ਜਿਸ ਨੂੰ ਸੈਫ਼ੁਲ ਮਲੂਕ ਅਤੇ ਬਦੀਆ ਜਮਾਲ ਦੇ ਮਿਲਣ ਦਾ ਪਹਿਲਾਂ ਹੀ ਸਹਿਜ ਗਿਆਨ ਹੋ ਗਿਆ ਸੀ। ਸੈਫ਼ੁਲ ਮਲੂਕ ਬਦੀਆ ਜਮਾਲ ਦੀ ਮੂਰਤ ਦੇਖ ਕੇ ਉਸ ਨੂੰ ਮਿਲਣ ਲਈ ਵਿਆਕੁਲ ਹੋ ਗਿਆ ਅਤੇ ਆਪਣੇ ਪਿਤਾ ਦੀ ਆਗਿਆ ਲੈ ਕੇ ਉਸ ਨੂੰ ਮਿਲਣ ਲਈ ਚੱਲ ਪਿਆ। ਆਖ਼ਰ ਕਈ ਤਰਾਂ ਦੀਆਂ ਤਕਲੀਫ਼ਾਂ ਸਹਿੰਦਾ ਉਹ ਆਸ਼ਫੰਦ ਬਾਗ਼ ਦੇ ਕਿਲੇ ਪਹੁੰਚਿਆ, ਜਿੱਥੇ ਉਸ ਨੇ ਸਰਾਂਦੀਪ ਦੇ ਬਾਦਸ਼ਾਹ ਦੀ ਸ਼ਹਿਜ਼ਾਦੀ ਮਲਕਾ ਖ਼ਾਤੂਨ ਜਿਸ ਨੂੰ ਬਹਿਰਾਮ ਦਿਓ ਚੁੱਕ ਲਿਆਇਆ ਸੀ ਸੁੱਤੀ ਪਈ ਵੇਖੀ। ਦਿਓ ਬਹਿਰਾਮ ਦੀ ਜਾਨ ਇੱਕ ਚਿੱਟੇ ਕਬੂਤਰ ਵਿੱਚ ਸੀ, ਜਿਸਨੂੰ ਮਾਰ ਕੇ ਸੈਫ਼ੁਲ ਮਲੂਕ ਨੇਂ ਮਲਿਕਾ ਖ਼ਾਤੂਨ ਨੂੰ ਅਜ਼ਾਦ ਕਰਵਾਇਆ ਅਤੇ ਉਸ ਨੂੰ ਨਾਲ ਲੈ ਕੇ ਵਾਸਿਤ ਸ਼ਹਿਰ ਪੁੱਜਾ। ਉੱਥੇ ਉਹ ਬਦੀਆ ਜਮਾਲ ਦੇ ਚਾਚੇ ਅਜਾਇਬ ਮਲੂਕ ਨੂੰ ਮਿਲਿਆ ਅਤੇ ਆਪਣੀ ਸਾਰੀ ਕਹਾਣੀ ਦੱਸੀ। ਅਜਾਇਬ ਮਲੂਕ ਉਸ ਨੂੰ ਆਪਣੇ ਡੇਰੇ ਸਰਾਂਦੀਪ ਲੈ ਗਿਆ। ਇੱਥੇ ਉਸ ਦੀ ਮੁਲਾਕਾਤ ਬਦੀਅ ਜਮਾਲ ਨਾਲ ਹੋਈ। ਸੈਫ਼ੁਲ ਮਲੂਕ ਨੇ ਬਦੀਆ ਜਮਾਲ ਦੀ ਦਾਦੀ ਮਿਹਰ ਅਫ਼ਰੋਜ਼ ਨੂੰ ਮਿਲਕੇ ਸ਼ਾਦੀ ਲਈ ਰਾਜ਼ੀ ਕਰ ਲਿਆ ਪਰ ਇੱਕ ਦਿਨ ਦਿਓ ਬਹਿਰਾਮ ਦੀਆਂ ਪਰੀਆਂ ਬਦਲੇ ਦੀ ਭਾਵਨਾ ਨਾਲ ਸੈਫ਼ੁਲ ਮਲੂਕ ਨੂੰ ਚੁੱਕ ਕੇ ਕੁਲਜ਼ਮ ਲੈ ਗਈਆਂ। ਬਹਿਰਾਮ ਦਿਓ ਦੇ ਪਿਓ ਹਾਸ਼ਮ ਦੇ ਹੁਕਮ ਤੇ ਉਸ ਨੂੰ ਅੰਨ੍ਹੇ ਖੂਹ ਵਿੱਚ ਸੁੱਟ ਦਿੱਤਾ ਗਿਆ ਜਿਥੇ ਜ਼ਹਿਰੀਲੇ ਕੀੜੇ ਸੱਪ ਸਨ। ਬਦੀਆ ਜਮਾਲ ਦੇ ਪਿਓ ਸ਼ਾਹਪਾਲ ਨੂੰ ਪਤਾ ਲੱਗਣ ਤੇ ਉਸ ਨੇ ਹਾਸ਼ਮ ਤੇ ਹਮਲਾ ਕਰ ਦਿੱਤਾ। ਹਾਸ਼ਮ ਨੂੰ ਹਰਾ ਕੇ, ਸੈਫ਼ੁਲ ਮਲੂਕ ਨੂੰ ਅੰਨੇ ਖੂਹ ਵਿੱਚੋਂ ਕੱਢ ਕੇ ਬਾਗ਼-ਏ-ਇਰਮ ਜਾ ਕੇ ਉਸ ਦਾ ਬਦੀਆ ਜਮਾਲ ਨਾਲ ਵਿਆਹ ਕਰ ਦਿੱਤਾ।

Scanned by CamScanner

Date : ________
Page : ________

ਸੁਘੜਾ : ਲੋਕ ਕਥਾਵਾਂ ਦੀ ਇਕ ਅਜਿਹੀ ਨਾਇਕਾ ਹੈ ਜਿਸ ਦੀ ਸਿਆਣਪ ਤੇ ਵਿਚਾਰਕ ਸੂਝ ਦੀਆਂ ਅਨੇਕਾਂ ਕਥਾਵਾਂ ਪ੍ਰਚੱਲਿਤ ਹਨ। ਉਹ ਇੱਕ ਵਜ਼ੀਰ ਦੀ ਧੀ ਸੀ। ਰਾਜਾ ਬੜਾ ਅਭਿਮਾਨੀ ਸੀ, ਉਹ ਭਰੇ ਦਰਬਾਰ ਵਿੱਚ ਦਰਬਾਰੀਆਂ ਦਾ ਅਪਮਾਨ ਕਰਦਾ ਸੀ। ਇੱਕ ਵਾਰ ਰਾਜੇ ਨੇ ਵਜ਼ੀਰ ਨੂੰ ਕਿਹਾ ਕਿ ਬਲਦਾਂ ਦਾ ਮੱਖਣ ਲੈ ਕੇ ਆਵੇ। ਜਦ ਵਜ਼ੀਰ ਦੀ ਧੀ ਸੁਘੜਾਂ ਨੂੰ ਪਤਾ ਲੱਗਾ ਤਾਂ ਉਸ ਨੇ ਰਾਜੇ ਦੀ ਮਤ ਟਿਕਾਣੇ ਲਗਾਉਣ ਦੀ ਠਾਣ ਲਈ। ਉਹ ਉਸ ਨਦੀ ਤੇ ਜਾ ਕੇ ਖ਼ੂਨ ਨਾਲ ਭਰੇ ਕੱਪੜੇ ਧੋਣ ਲੱਗ ਪਈ, ਜਿੱਥੇ ਰਾਜਾ ਹਰ ਰੋਜ਼ ਇਸ਼ਨਾਨ ਕਰਨ ਲਈ ਜਾਇਆ ਕਰਦਾ ਸੀ। ਰਾਜੇ ਨੇ ਕੁਝ ਚਿਰ ਉਡੀਕਣ ਤੋਂ ਬਾਅਦ ਲੜਕੀ ਨੂੰ ਵਰਜਿਆ ਕਿ ਉਹ ਰੁਕ ਜਾਵੇ ਪਰ ਲੜਕੀ ਕਹਿਣ ਲੱਗੀ ਕਿ ਮੈਨੂੰ ਕਾਹਲ ਹੈ, ਮੇਰੇ ਪਿਤਾ ਨੇ ਲੜਕਾ ਜੰਮਿਆ ਹੈ। ਰਾਜਾ ਇਹ ਸੁਣ ਕੇ ਕਹਿਣ ਲੱਗਾ ਕਿ ਕਦੇ ਮਰਦਾਂ ਨੇ ਵੀ ਬਾਲ ਜੰਮੇ ਨੇ, ਸੁਘੜਾਂ ਝੱਟ ਬੋਲ ਪਈ ਜੇ ਮਰਦ ਬਾਲ ਨਹੀਂ ਜੰਮਦੇ ਤਾਂ ਬਲਦਾਂ ਦਾ ਵੀ ਮੱਖਣ ਨਹੀਂ ਹੁੰਦਾ। ਰਾਜਾ ਸਾਰੀ ਗੱਲ ਸਮਝ ਗਿਆ। ਰਾਜੇ ਨੇ ਆਪਣੇ ਅਪਮਾਨ ਦਾ ਬਦਲਾ ਲੈਣ ਲਈ ਉਸ ਨਾਲ ਵਿਆਹ ਕਰਵਾ ਲਿਆ ਅਤੇ ਮਹਿਲ ਵਿੱਚ ਇਕੱਲੀ ਰੱਖ ਕੇ ਬਾਹਰੋਂ ਜਿੰਦਰਾ ਮਰਵਾ ਦਿੱਤਾ। ਸੁਘੜਾ ਨੇ ਆਪਣੇ ਪਿਤਾ ਦੀ ਮਦਦ ਨਾਲ ਸੁਰੰਗ ਬਣਵਾਈ ਅਤੇ ਹਰ ਰੋਜ਼ ਮਹਿਲ ਤੋਂ ਬਾਹਰ ਆ ਜਾਇਆ ਕਰੇ। ਸੁਘੜਾ ਨੇ ਇਕ ਵਾਰ ਮਾਲਣ ਬਣ ਗਜਰੇ ਵੇਚਣ ਬਹਾਨੇ ਅਤੇ ਦੂਜੀ ਵਾਰ ਗੁਜਰੀ ਬਣ ਰਾਜੇ ਦੇ ਮਹਿਲ ਜਾ ਉਸ ਦਾ ਮਨ ਮੋਹਿਆ ਅਤੇ ਰਾਤ ਗੁਜ਼ਾਰੀ। ਪਹਿਲੀ ਵਾਰ ਮੁੰਦਰੀ ਅਤੇ ਦੂਜੀ ਵਾਰ ਹਾਰ ਨਿਸ਼ਾਨੀ ਵਜੋਂ ਲਿਆ ਕੇ ਸਾਂਭ ਲਿਆ। ਉਸ ਦੇ ਘਰ ਦੋ ਲੜਕੇ ਪੈਦਾ ਹੋਏ। ਰਾਜੇ ਨੂੰ ਜਦ ਪਤਾ ਲੱਗਾ ਤਾਂ ਉਹ ਤਲਵਾਰ ਧੂਹ ਕੇ ਉਸ ਨੂੰ ਮਾਰਨ ਲੱਗਾ। ਇਸ ਸਮੇਂ ਸੁਘੜਾ ਨੇ ਸਾਰੀ ਕਹਾਣੀ ਦੱਸੀ ਅਤੇ ਨਿਸ਼ਾਨੀਆਂ ਵਿਖਾਈਆਂ। ਰਾਜੇ ਨੇ ਆਪਣੀ ਹਾਰ ਸਵੀਕਾਰ ਕਰ ਲਈ ਅਤੇ ਅੱਗੇ ਤੋਂ ਨੇਕ ਦਿਲ ਬਣ ਗਿਆ।

Scanned by CamScanner

Date :

Page :

ਸੁਲੇਮਾਨ : ਸੁਲੇਮਾਨ ਇਸਰਾਈਲ ਵੰਸ ਦਾ ਇੱਕ ਪ੍ਰਸਿੱਧ ਬਾਦਸ਼ਾਹ ਹੋਇਆ, ਜਿਸ ਨੂੰ ਯਹੂਦੀ, ਈਸਾਈ ਅਤੇ ਮੁਸਲਮਾਨ ਆਪਣਾ ਪੈਗੰਬਰ ਮੰਨਦੇ ਹਨ। ਇਹ ਇੱਕ ਵੱਡਾ ਦਾਨਾ ਬਾਦਸ਼ਾਹ ਹੋਇਆ ਹੈ। ਸੁਲੇਮਾਨ ਦੀ ਮਾਤਾ ਦਾ ਨਾਮ ਬਤਸਬਾ ਅਤੇ ਪਿਤਾ ਦਾ ਨਾਮ ਦਾਊਦ ਸੀ। ਇਸ ਦਾ ਜਨਮ 1033 ਈ. ਪੂਰਵ ਅਤੇ ਦੇਹਾਂਤ 975 ਈ. ਪੂਰਵ ਵਿੱਚ ਹੋਇਆ। ਇਸ ਦੇ ਅਖਾਣ ਜਗਤ ਪ੍ਰਸਿੱਧ ਹਨ। ਸੁਲੇਮਾਨ ਦੀਆਂ ਕਹਾਵਤਾਂ ਬਾਈਬਲ ਵਿੱਚ ਵੀ ਦਰਜ ਹਨ। ਬਾਈਬਲ ਅਨੁਸਾਰ ਸੁਲੇਮਾਨ ਨੇ ਯੂਰਸਲਮ ਵਿੱਚ 40 ਸਾਲ ਰਾਜ ਕੀਤਾ। ਯੂਰਸਲਮ ਵਿਚਲੇ ਯਹੂਦੀਆਂ ਅਤੇ ਈਸਾਈਆਂ ਦੇ ਪਾਵਨ ਅਸਥਾਨ ਬੇਤੁੱਲਾ ਮੁਕੱਦਸ ਦੀ ਬੁਨਿਆਦ ਸੁਲੇਮਾਨ ਨੇ ਹੀ ਰੱਖੀ ਸੀ। ਸੁਲੇਮਾਨ ਦਾ ਆਪਣਾ ਮਕਬਰਾ ਵੀ ਯੂਰਸਲਮ ਵਿੱਚ ਹੈ। ਸੁਲੇਮਾਨ ਦੀਆਂ ਸੱਤ ਸੌ ਪਤਨੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਸਬਾ ਦੀ ਮਲਕਾ ਬਲਕੀਸ ਵੀ ਸੀ। ਕੁਰਾਨ ਅਨੁਸਾਰ ਖ਼ੁਦਾ ਨੇ ਪੌਣ ਅਤੇ ਦੇਉ ਜਿੰਨ ਸੁਲੇਮਾਨ ਦੇ ਤਾਬੇ ਕਰ ਦਿੱਤੇ ਅਤੇ ਜਾਨਵਰਾਂ ਦੀ ਬੋਲੀ ਸਮਝਣ ਦਾ ਗਿਆਨ ਦਿੱਤਾ। ਸੁਲੇਮਾਨ ਕੋਲ਼ ਇੱਕ ਵਿਸ਼ੇਸ਼ ਤਖਤ 'ਤਖਤ ਸੁਲੇਮਾਨੀ' ਸੀ, ਜਿਸ ਉੱਤੇ ਬੈਠ ਕੇ ਉਹ ਅਸਮਾਨ ਦੀ ਸੈਰ ਕਰਿਆ ਕਰਦਾ ਸੀ। ਉਸ ਕੋਲ ਇੱਕ ਜਾਦੂਈ ਮੁੰਦਰੀ ਵੀ ਸੀ। ਇੱਕ ਵਾਰ ਸੁਲੇਮਾਨ ਲਸ਼ਕਰ ਸਮੇਤ ਜਾ ਰਿਹਾ ਸੀ ਤਾਂ ਕੀੜੀਆਂ ਨੇ ਆਖਿਆ ਕਿ ਛੇਤੀ ਖੁੱਡਾਂ ਵਿੱਚ ਵੜ ਜਾਓ ਨਹੀਂ ਤਾਂ ਸੁਲੇਮਾਨ ਦੀ ਫੌਜ ਦਰੜ ਜਾਊ। ਸੁਲੇਮਾਨ ਨੇ ਇਹ ਗੱਲ ਸੁਣ ਕੇ ਖ਼ੁਦਾ ਦਾ ਸ਼ੁਕਰ ਕੀਤਾ ਅਤੇ ਕੀੜੀਆਂ ਦਾ ਬਚਾਓ ਕੀਤਾ। ਸੁਲੇਮਾਨ ਉੱਤੇ ਇੱਕ ਵਾਰ ਰੱਬ ਦਾ ਕਹਿਰ ਨਾਜ਼ਲ ਹੋਇਆ। ਉਸ ਅਸਮਾਨ ਦੀ ਸੈਰ ਕਰ ਰਿਹਾ ਸੀ ਕਿ ਉਸ ਦੀ ਨਜ਼ਰ ਦਾਣੇ ਭੁੰਨ ਰਹੀ ਕਾਲੀ ਕਲੂਟੀ ਭਠਿਆਰਨ ਤੇ ਪਈ। ਸੁਲੇਮਾਨ ਨੇ ਉਸ ਵੱਲ ਘਿਰਣਾ ਭਰੀ ਨਜ਼ਰ ਨਾਲ਼ ਤੱਕਿਆ। ਅੱਲ੍ਹਾ ਦੇ ਕਹਿਰ ਨਾਲ਼ ਉਸਦੀ ਮੁੰਦਰੀ ਭੱਠੀ ਵਿੱਚ ਜਾ ਡਿੱਗੀ। ਸ਼ਕਤੀਹੀਨ ਸੁਲੇਮਾਨ ਨੂੰ ਮੁੰਦਰੀ ਪ੍ਰਾਪਤ ਕਰਨ ਲਈ ਭਠਿਆਰਨ ਨਾਲ਼ ਵਿਆਹ ਕਰਵਾ ਕੇ 12 ਸਾਲ ਭੱਠ ਝੋਕਣਾ ਪਿਆ। ਸੁਲੇਮਾਨ ਦੇ ਦੇਹਾਂਤ ਪਿੱਛੋਂ ਉਸ ਦੇ ਪੁੱਤਰ 'ਰਹਬਆਮ' ਨੇ ਯੂਰਸਲਮ ਤੇ ਰਾਜ ਕੀਤਾ। — ਜਗਤਾਰ ਸਿੰਘ ਸੋਖੀ 9417866386.

Date :
Page :

ਸੋਹਣੀ-ਮਹੀਂਵਾਲ ! ਪ੍ਰਸਿੱਧ ਪ੍ਰੀਤ ਕਥਾ ਸੋਹਣੀ ਮਹੀਂਵਾਲ ਦੇ ਪਾਤਰ ਸੋਹਣੀ ਅਤੇ ਮਹੀਂਵਾਲ। ਸੋਹਣੀ ਦਾ ਜਨਮ ਗੁਜਰਾਤ ਸ਼ਹਿਰ (ਪਾਕਿਸਤਾਨ) ਵਿੱਖੇ ਤੁਲੇ ਘੁਮਿਆਰ ਦੇ ਘਰ ਹੋਇਆ। ਮਹੀਂਵਾਲ ਜਿਸ ਦਾ ਪੂਰਾ ਨਾਮ ਇਜ਼ਤ ਬੇਗ ਸੀ, ਬਲਖ ਬੁਖਾਰੇ ਦਾ ਇੱਕ ਵੱਡਾ ਸੁਦਾਗਰ ਸੀ। ਇੱਕ ਵਾਰ ਜਦੋਂ ਉਹ ਗੁਜਰਾਤ ਭਾਂਡੇ ਖ਼ਰੀਦਣ ਲਈ ਆਇਆ ਤਾਂ ਤੁੱਲੇ ਘੁਮਿਆਰ ਦੀ ਧੀ ਸੋਹਣੀ ਦਾ ਦੀਵਾਨਾ ਹੋ ਗਿਆ। ਵਪਾਰ ਵਿੱਚ ਮਨ ਨਾ ਲੱਗਣ ਤੇ ਘਾਟਾ ਪੈ ਗਿਆ ਅਤੇ ਤੁੱਲੇ ਦੀਆਂ ਮੱਝਾਂ ਦਾ ਛੇੜੂ ਬਣ ਗਿਆ। ਉਸ ਦਾ ਨਾਮ ਮਹੀਂਵਾਲ ਪੈ ਗਿਆ। ਸੋਹਣੀ ਵੀ ਮਹੀਂਵਾਲ ਨਾਲ਼ ਪ੍ਰੀਤ ਕਰਨ ਲੱਗੀ। ਜਦੋਂ ਇਹਨਾਂ ਦਾ ਇਸ਼ਕ ਨਸ਼ਰ ਹੋ ਗਿਆ ਤਾਂ ਤੁੱਲੇ ਨੇ ਸੋਹਣੀ ਦਾ ਵਿਆਹ ਝਨਾ ਦਰਿਆ ਦੇ ਕੰਢੇ ਤੇ ਵਸੇ ਇੱਕ ਪਿੰਡ ਵਿੱਚ ਕਰ ਦਿੱਤਾ। ਮਹੀਂਵਾਲ ਉਸੇ ਪਿੰਡ ਦਰਿਆ ਦੇ ਦੂਜੇ ਪਾਸੇ ਝੌਂਪੜੀ ਪਾ ਕੇ ਰਹਿਣ ਲੱਗ ਪਿਆ। ਸੋਹਣੀ ਹਰ ਰੋਜ ਹਨੇਰੀ ਰਾਤ ਨੂੰ ਘੜੇ ਤੇ ਝਨਾ ਦਰਿਆ ਪਾਰ ਕਰਕੇ ਉਸ ਨੂੰ ਮਿਲਣ ਜਾਂਦੀ। ਉਸ ਦੀ ਨਨਾਣ ਨੂੰ ਉਹਨਾਂ ਦੇ ਮਿਲਣ ਦੀ ਭਿਣਕ ਪੈ ਗਈ। ਉਸ ਨੇ ਇੱਕ ਦਿਨ ਪੱਕੇ ਘੜੇ ਦੀ ਥਾਂ ਕੱਚਾ (ਪਿੱਲਾ) ਘੜਾ ਵਟਾ ਕੇ ਉਸ ਥਾਂ ਤੇ ਰੱਖ ਦਿੱਤਾ, ਜਿੱਥੋਂ ਉਹ ਘੜਾ ਚੁੱਕ ਕੇ ਨਦੀ ਪਾਰ ਕਰਦੀ ਸੀ। ਉਸ ਦਿਨ ਤੂਫ਼ਾਨੀ ਬਾਰਿਸ਼ ਭਰੀ ਰਾਤ ਸੀ, ਸੋਹਣੀ ਆਪਣਾ ਸਿਦਕ ਪਰਗਾਉਂਦੀ ਹੋਈ ਉਸ ਝਾੜ ਕੋਲ ਪੁੱਜੀ, ਜਿੱਥੇ ਉਸ ਨੇ ਘੜਾ ਲੁਕਾ ਕੇ ਰੱਖਿਆ ਸੀ। ਘੜੇ ਨੂੰ ਟਣਕਾਇਆ ਤਾਂ ਪਿੱਲੇ ਘੜੀ ਦੀ ਅਵਾਜ਼ ਤੋਂ ਪ੍ਰਤੱਖ ਹੋ ਗਿਆ ਕਿ ਕੁਝ ਵਾਪਰਨ ਵਾਲ਼ਾ ਹੈ। ਪਰ ਉਸਦਾ ਸਿਦਕ ਅਡੋਲ ਸੀ ਤੇ ਉਹ ਕੱਚੇ ਘੜੇ ਉੱਤੇ ਹੀ ਮਹੀਂਵਾਲ ਨੂੰ ਮਿਲਣ ਲਈ ਠਿੱਲ ਪਈ। ਕੱਚਾ ਘੜਾ ਝਨਾਂ ਦੇ ਅੱਧ ਵਿਚਕਾਰ ਜਾ ਕੇ ਖੁਰ ਗਿਆ। ਡੁੱਬਦੀ ਸੋਹਣੀ ਦੀਆਂ ਅਵਾਜ਼ਾਂ ਸੁਣ ਕੇ ਮਹੀਂਵਾਲ ਨੇ ਵੀ ਝਨਾ ਵਿੱਚ ਛਾਲ ਮਾਰ ਦਿੱਤੀ। ਇਹ ਵਾਕਿਆ ਸੰਮਤ 1781 ਦਾ ਹੈ।

ਜਗਤਾਰ ਸਿੰਘ ਸਿੱਧੀ

Scanned by CamScanner

Date :
Page :

**ਸੱਤੂ:** ਸਤੀ ਪ੍ਰਥਾ ਅਨੁਸਾਰ ਪਤੀ ਦੀ ਮੌਤ ਹੋਣ ਤੇ ਉਸ ਦੀ ਪਤਨੀ ਬਲਦੀ ਚਿਖਾ ਵਿੱਚ ਨਾਲ ਹੀ ਸੜ ਕੇ ਜਾਨ ਦੇ ਦਿੰਦੀ ਸੀ ਉਸ ਨੂੰ ਸਤੀ ਕਹਿੰਦੇ ਹਨ। ਉਹ ਮਰਦ ਜੋ ਆਪਣੀ ਪਤਨੀ ਜਾਂ ਪ੍ਰੇਮਿਕਾ ਦੀ ਮੌਤ ਉੱਤੇ ਸਿਦਕ ਵਿੱਚ ਪ੍ਰਾਣ ਤਿਆਗ ਦੇਵੇ, ਉਸ ਨੂੰ ਸੱਤੂ ਕਹਿੰਦੇ ਹਨ। ਪੰਜਾਬ ਦੀਆਂ ਬਹੁਤ ਸਾਰੀਆਂ ਪ੍ਰੀਤ ਕਥਾਵਾਂ ਵਿੱਚ ਜਿਵੇ ਪੁੰਨੂ ਸੱਸੀ ਦੀ ਕਬਰ ਤੇ ਆ ਕਬਰ ਵਿਚ ਸਮਾ ਜਾਂਦਾ ਹੈ, ਮਹੀਂਵਾਲ ਸੋਹਣੀ ਦੇ ਨਾਲ ਝਨਾ ਦਰਿਆ ਵਿੱਚ ਛਾਲ ਮਾਰ ਕੇ ਜਾਨ ਦੇ ਦਿੰਦਾ ਹੈ, ਇਹ ਸਭ ਪ੍ਰੇਮੀ ਸੱਤੂ ਹਨ ਜੋ ਆਪਣੀ ਪ੍ਰੇਮਿਕਾ ਦੀ ਬ੍ਰਿਹੋਂ ਚੋਟ ਨਾਲ ਮਰੇ ਹਨ।

ਪੂਰਬੀ ਰਾਜਸਥਾਨ ਵਿੱਚ ਅਨੇਕਾਂ ਮਰਦਾਂ ਦੇ ਆਤਮਦਾਹ ਦੀਆਂ ਮਿਸਾਲਾਂ ਮਿਲਦੀਆਂ ਹਨ। ਅਲਫ਼ ਲੈਲਾ ਦੀ ਪ੍ਰਸਿੱਧ ਕਥਾ ਦਾ ਨਾਇਕ ਸਿੰਧਬਾਦ ਜਹਾਜ਼ੀ ਵੀ ਸਿੰਧਬਾਦ ਵਿੱਚ ਆਪਣੀ ਮਰ ਚੁੱਕੀ ਤੀਵੀਂ ਨਾਲ ਹੀ ਦੱਬ ਦਿੱਤਾ ਜਾਂਦਾ ਹੈ। ਪੂਰਬ ਦੇ ਜੰਗਲੀ ਕਬੀਲਿਆਂ ਵਿੱਚ ਵੀ ਅਜਿਹੀ ਰੀਤ ਪ੍ਰਚੱਲਿਤ ਸੀ। ਅਸਤੀ ਬਾਦਸ਼ਾਹ ਦੀਆਂ ਭੈਣ ਉਸ ਦੀ ਪ੍ਰਵਾਨਗੀ ਨਾਲ ਕਿਸੇ ਵੀ ਖ਼ੂਬਸੂਰਤ ਵਿਅਕਤੀ ਨਾਲ ਇਸ ਸ਼ਰਤ ਤੇ ਵਿਆਹ ਕਰ ਸਕਦੀਆਂ ਸਨ ਕਿ ਜੇ ਕਿਧਰੇ ਉਸ ਦੀ ਪਤਨੀ ਜਾਂ ਇਕਲੌਤੇ ਪੁੱਤਰ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਵਿਅਕਤੀ ਨੂੰ ਆਤਮਦਾਹ ਕਰਨਾ ਪਵੇਗਾ।

94171 66386

Scanned by CamScanner

Date :

Page :

ਸੂਰਦਾਸ ! ਇਹਨਾਂ ਦਾ ਅਸਲ ਨਾਮ ਮਦਨ ਮੋਹਨ ਸੀ ਅਤੇ ਜਾਤ ਬ੍ਰਾਹਮਣ । ਇਹਨਾਂ ਦਾ ਜਨਮ 1586 ਸੰਮਤ ਨੂੰ ਹੋਇਆ । ਇਹ ਸੰਸਕ੍ਰਿਤ, ਹਿੰਦੀ ਅਤੇ ਫ਼ਾਰਸੀ ਦੇ ਵਿਦਵਾਨ ਸਨ। ਇਹਨਾਂ ਨੂੰ ਬਚਪਨ ਤੋਂ ਹੀ ਰਾਗ ਅਤੇ ਵਿੱਦਿਆ ਦਾ ਸ਼ੌਕ ਸੀ। ਇਹ ਇੱਕ ਸੁੰਦਰ ਕੰਨਿਆਂ ਤੇ ਆਸ਼ਕ ਹੋ ਗਏ ਤੇ ਜੀ ਜਾਨ ਨਾਲ ਪਿਆਰ ਕਰਨ ਲੱਗੇ। ਕੰਨਿਆ ਵੀ ਰੋਜ਼ ਮਿਲਣ ਆਉਂਦੀ। ਇੱਕ ਦਿਨ ਮਦਨ ਮੋਹਨ ਨੇ ਉਸ ਨੂੰ ਦੋ ਸਿਲਾਈਆਂ ਲਿਆਉਣ ਲਈ ਕਿਹਾ । ਜਦੋ ਉਹ ਕੰਨਿਆ ਸਿਲਾਈਆਂ ਲਿਆਈ ਤਾਂ ਮਦਨ ਮੋਹਨ ਨੇ ਉਹ ਸਿਲਾਈਆਂ ਆਪਣੀਆਂ ਅੱਖਾਂ ਵਿੱਚ ਖੋਭ ਲਈਆਂ ਅਤੇ ਉਸ ਕੰਨਿਆ ਨੂੰ ਕਿਹਾ ਕਿ ~~ਮੈਂ~~ ਮੈਂ ਤੈਨੂੰ ਆਪਣੇ ਹਿਰਦੇ ਵਿੱਚ ਵਸਾ ਚੁੱਕਾ ਹਾਂ, ਮੈਂ ਇਸ ਕਰਕੇ ਅੰਨਾ ਹੋਇਆ ਹਾਂ ਕਿ ਮੇਰੇ ਨੈਣ ਕਿਸੇ ਹੋਰ ਨੂੰ ਦੇਖ ਕੇ ਮੋਹਿਤ ਨਾ ਹੋ ਜਾਣ। ਇਸ ਤੇ ਉਸ ਕੰਨਿਆ ਨੇ ਕਿਹਾ ਕਿ ਤੁਸੀਂ ਮੈਨੂੰ ਏਨਾਂ ਪਿਆਰ ਕਰਦੇ ਹੋ, ਜੇਕਰ ਤੁਸੀਂ ਏਨਾ ਪਿਆਰ ਕਰਕੇ ਉਸ ਪ੍ਰਮਾਤਮਾਂ ਨੂੰ ਆਪਣੇ ਹਿਰਦੇ ਵਿੱਚ ਵਸਾਉਂਦੇ ਤਾਂ ਪਰਮਾਤਮਾ ਨੇ ਆਪ ਚੱਲ ਕੇ ਤੁਹਾਡੇ ਕੋਲ ਆਉਣਾ ਸੀ। ਇਹ ਸੁਣ ਕੇ ਮਦਨ ਮੋਹਨ ਵੈਰਾਗ ਵਿੱਚ ਆ ਗਏ। ਉਹਨਾਂ ਦਾ ਜੀਵਨ ਬਦਲ ਗਿਆ ਅਤੇ ਲੋਕ ਉਹਨਾਂ ਨੂੰ ਸੂਰਦਾਸ ਕਹਿਣ ਲੱਗ ਪਏ। ਇਹ ਅਕਬਰ ਦੇ ਇਲਾਕੇ ਅਵਧ ਦੇ ਹਾਕਮ ਸਨ ਪਰ ਫਿਰ ਸੰਨਿਆਸੀ ਹੋ ਗਏ। ਅਕਬਰ ਬਾਦਸ਼ਾਹ ਇਹਨਾਂ ਦਾ ਬੜਾ ਸਤਿਕਾਰ ਕਰਦਾ ਸੀ। ਫਿਰ ਇਹਨਾਂ ਦਾ ਮੇਲ ਸਵਾਮੀ ਵਲੱਭਾਚਾਰੀਆ ਨਾਲ ਹੋਇਆ ਅਤੇ ਇਹ ਉਹਨਾਂ ਦੇ ਚੇਲੇ ਬਣ ਗਏ। ਆਪ ਦੇ ਸ੍ਰੀ ਮਦਭਗਵਤ ਗੀਤਾ ਦਾ ਹਿੰਦੀ ਭਾਸ਼ਾ ਵਿੱਚ ਅਨੁਵਾਦ ਕੀਤਾ ਜੋ ਸੂਰ ਸਾਗਰ ਦੇ ਨਾਮ ਨਾਲ ਪ੍ਰਸਿੱਧ ਹੈ। ਆਪ ਜੀ ਦੇ ਕਈ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਹਨ। 80 ਸਾਲ ਦੀ ਉਮਰ ਭੋਗ ਕੇ ਆਪ ਜੀ ਚਲਾਣਾ ਕਰ ਗਏ। ਕਾਂਸ਼ੀ ਵਿਖੇ ਆਪ ਜੀ ਦੀ ਸਮਾਧੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਲੋਕ ਰੂਪੀ ਬਾਣੀ ਦਾ ਸਿਰੋਪਾਓ ਭੇਟ ਕਰਕੇ ਆਪ ਜੀ ਦਾ ਸਨਮਾਨ ਕੀਤਾ

ਜਗਤਾਰ ਸਿੰਘ ਸੋਹੀ 94171 66386

Scanned by CamScanner

ਸੁਕਰਾਤ!— ਸੁਕਰਾਤ ਦਾ ਜਨਮ ਯੂਨਾਨ ਦੇ ਪ੍ਰਸਿੱਧ ਵਿਦਵਾਨ ਸੈਫਰੋਨਿਸਕਸ ਦੇ ਘਰ ਏਥੇਨਜ਼ ਫਿਨਾਰੋਟੀ ਵਿੱਚੇ 469 ਈਸਵੀ ਪੂਰਵ ਨੂੰ ਹੋਇਆ। ਸੁਕਰਾਤ ਇੱਕ ਤਰਕਵਾਦੀ ਵਿਦਵਾਨ ਸੀ। ਉਹ ਯੂਨਾਨ ਦੇ ਸਮਾਜ ਵਿਚਲੀਆਂ ਕੁਰੀਤੀਆਂ ਅਤੇ ਪਖੰਡੀ ਅਖੌਤੀ ਸੱਭਿਅਕ ਜੀਵਨ ਦਾ ਵਿਰੋਧੀ ਸੀ।ਉਹ ਬਿਨਾ ਕਿਸੇ ਡਰ ਦੇ ਇਹਨਾਂ ਕੁਰੀਤੀਆਂ ਦਾ ਖੰਡਨ ਕਰਦਾ ਸੀ। ਉਹ ਨਿਡਰਤਾ ਨਾਲ ਸੱਚ ਦਾ ਹੋਕਾ ਦਿੰਦਾ। ਉਸ ਦੀ ਤਰਕ ਭਰੀ ਵਿਚਾਰ ਚਰਚਾ ਯੂਨਾਨ ਦੇ ਵੱਡੇ ਵੱਡੇ ਵਿਦਵਾਨਾਂ ਨੂੰ ਬੇਬੱਸ ਕਰ ਦਿੰਦੀ ਸੀ। ਵਿਦਵਾਨਾਂ ਦੀ ਕੀਰਤੀ ਘਟਣ ਲੱਗੀ। ਉਹਨਾਂ ਨੇ ਸੁਕਰਾਤ ਤੇ ਇਹ ਦੋਸ਼ ਲਾਇਆ ਕਿ ਉਹ ਪੁਰਾਤਨ ਧਰਮ ਦਾ ਵਿਰੋਧੀ ਹੈ ਅਤੇ ਆਪਣਾ ਨਵਾਂ ਧਰਮ ਚਲਾਉਂਦਾ ਹੈ। ਯੂਨਾਨ ਦੇ ਸ਼ਾਸਕ ਨੇ ਉਸ ਨੂੰ ਕੈਦ ਕਰ ਲਿਆ। ਅਦਾਲਤ ਨੇ ਉਸ ਨੂੰ ਸੱਚ ਦਾ ਪੱਲਾ ਛੱਡਣ ਜਾਂ ਜ਼ਹਿਰ ਦਾ ਪਿਆਲਾ ਪੀ ਕੇ ਮੌਤ ਦੀ ਸਜ਼ਾ ਮੰਨਣ ਲਈ ਕਿਹਾ। ਸੁਕਰਾਤ ਨੇ ਹੱਸ ਕੇ ਮੌਤ ਦੀ ਸਜ਼ਾ ਸਵੀਕਾਰ ਕਰ ਲਈ।

ਸੁਕਰਾਤ ਆਤਮਾ ਨੂੰ ਅਮਰ ਮੰਨਦਾ ਸੀ। ਇਸ ਕਾਰਨ ਉਸ ਨੇ ਅੰਤ ਵੇਲੇ ਆਪਣੇ ਚੇਲਿਆਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਆਪ ਅਡੋਲ ਰਹਿ ਕੇ ਜ਼ਹਿਰ ਦਾ ਪਿਆਲਾ ਪੀ ਕੇ ਸ਼ਹਾਦਤ ਦੇ ਦਿੱਤੀ। ਉਸ ਦੀ ਇਸ ਸਮੇਂ ਉਮਰ ਕਰੀਬ 70 ਸਾਲ ਸੀ। ਉਸ ਦੀ ਅੰਤਿਮ ਸਮੇਂ ਆਪਣੇ ਚੇਲਿਆਂ ਨਾਲ ਕੀਤੀ ਗੱਲਬਾਤ ਅਮੋਲਕ ਸਿੱਖਿਆ ਨਾਲ ਭਰੀ ਹੋਈ ਹੈ।

ਜਗਤਾਰ ਸਿੰਘ ਸੋਖੀ 94171 66386.

Scanned by CamScanner

ਹਕੀਕਤ ਰਾਏ ! ਹਕੀਕਤ ਰਾਏ ਦਾ ਜਨਮ 1781 ਸੰਮਤ ਨੂੰ ਸਿਆਲਕੋਟ ਵਿਖੇ ਸ੍ਰੀ ਬਾਗ ਮੱਲ (ਬਾਘ ਮੱਲ) ਅਤੇ ਗੋਰਾਂ ਦੇ ਘਰ ਹੋਇਆ। ਬਚਪਨ ਵਿੱਚੀ ਆਪ ਦੀ ਸ਼ਾਦੀ ਬਟਾਲਾ ਨਿਵਾਸੀ ਸਹਿਜਧਾਰੀ ਸਿੱਖ ਕ੍ਰਿਸ਼ਨ ਚੰਦ ਉੱਪਲ ਖੱਤਰੀ ਦੀ ਸਪੁੱਤਰੀ ਦੁਰਗਾ ਦੇਵੀ ਨਾਲ਼ ਹੋਈ। ਭਾਈ ਬੁੱਧ ਸਿੰਘ ਬਟਾਲਾ ਨੇ ਹਕੀਕਤ ਰਾਏ ਨੂੰ ਗੁਰਮਤਿ ਦੀ ਸੋਝੀ ਕਰਵਾਈ। ਆਪ ਜੀ ਦੇ ਪਿਤਾ ਨੇ ਆਪ ਨੂੰ ਉਸ ਸਮੇਂ ਦੀ ਰਾਜ-ਭਾਸ਼ਾ ਪੜ੍ਹਾਉਣ ਲਈ ਸ਼ਹਿਰ ਦੇ ਮਕਤਬ ਵਿੱਚ ਦਾਖਲ ਕਰਵਾ ਦਿੱਤਾ। ਇੱਕ ਦਿਨ ਧਰਮ ਚਰਚਾ ਦੌਰਾਨ ਕੁਝ ਮੁਸਲਮਾਨ ਜਮਾਤੀਆਂ ਨੇ ਦੇਵੀ ਮਾਤਾ ਬਾਰੇ ਕੁਝ ਅਯੋਗ ਸ਼ਬਦ ਕਹੇ, ਜਿਸ ਦਾ ਵਿਰੋਧ ਕਰਦਿਆਂ ਆਪ ਨੇ ਕਿਹਾ ਕਿ ਜੇਕਰ ਮੈਂ ਅਜਿਹੇ ਸ਼ਬਦ ਜੇਕਰ ਬੀਬੀ ਫਾਤਿਮਾ ਦੇ ਬਾਰੇ ਕਹਾਂ ਤਾਂ ਤੁਹਾਨੂੰ ਕਿੰਨਾ ਦੁੱਖ ਲੱਗੇਗਾ। ਤੁਹਾਨੂੰ ਅਜਿਹੇ ਸ਼ਬਦ ਨਹੀਂ ਕਹਿਣੇ ਚਾਹੀਦੇ। ਗੱਲ ਵਧ ਗਈ। ਜਮਾਤੀ ਮੁੰਡਿਆਂ ਨੇ ਮੌਲਵੀ ਕੋਲ ਝੂਠੀ ਸ਼ਿਕਾਇਤ ਕੀਤੀ ਕਿ ਹਕੀਕਤ ਰਾਏ ਬੀਬੀ ਫ਼ਾਤਿਮਾ ਬਾਰੇ ਕੁਫ਼ਰ ਤੋਲਦਾ ਹੈ। ਮੌਲਵੀ ਨੇ ਇਹ ਸ਼ਿਕਾਇਤ ਅੱਗੇ ਸਿਆਲਕੋਟ ਦੇ ਹਾਕਮ ਅਮੀਰ ਬੇਗ ਨੂੰ ਕਰ ਦਿੱਤੀ ਜਿਸ ਨੇ ਆਪ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਸੂਬੇਦਾਰ ਕੋਲ ਜਾ ਪੇਸ਼ ਕੀਤਾ।

ਲਾਹੌਰ ਦਰਬਾਰ ਵਿੱਚ ਆਪ ਤੇ ਮੁਕੱਦਮਾ ਚਲਿਆ। ਸ਼ਾਹੀ ਕਾਜ਼ੀ ਨੇ ਆਪ ਨੂੰ ਇਸਲਾਮ ਕਬੂਲ ਕਰਨ ਜਾਂ ਮੌਤ, ਕੋਈ ਇੱਕ ਚੁਣਨ ਲਈ ਕਿਹਾ। ਇਸਲਾਮ ਕਬੂਲ ਕਰਨ ਤੋਂ ਨਾਂਹ ਕਰਨ ਤੇ ਮਾਘ ਸੁਦੀ 5, ਸੰਮਤ 1798 ਨੂੰ ਲਾਹੌਰ ਦੇ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਨ ਦੇ ਹੁਕਮ ਤੇ ਆਪ ਨੂੰ ਕਤਲ ਕਰ ਦਿੱਤਾ ਗਿਆ।

ਵੀਰ ਹਕੀਕਤ ਰਾਏ ਦੀ ਸਮਾਧੀ ਲਾਹੌਰ ਵਿੱਚ ਹੈ ਜਿੱਥੇ ਬਸੰਤ ਪੰਚਮੀ ਨੂੰ ਭਾਰੀ ਮੇਲਾ ਲੱਗਦਾ ਹੈ।

Scanned by CamScanner

Date : ____
Page : ____

ਹੀਰ-ਰਾਂਝਾ: ਪੰਜਾਬੀ ਰਹਿਤਲ ਦਾ ਸਭ ਤੋਂ ਮਕਬੂਲ ਕਿੱਸਾ 'ਹੀਰ-ਰਾਂਝਾ' ਹੈ, ਜਿਸ ਨੂੰ ਸਭ ਤੋਂ ਵੱਧ ਕਿੱਸਾਕਾਰਾਂ ਨੇ ਲਿਖਿਆ ਅਤੇ ਸਭ ਤੋਂ ਵੱਧ ਗਾਇਕਾਂ ਨੇ ਗਾਇਆ ਹੈ। ਕਿੱਸੇ ਦੀ ਨਾਇਕਾ, ਜਿਸ ਨੂੰ ਪਾਕਿਸਤਾਨ ਵਿੱਚ ਮਾਈ ਹੀਰ ਕਹਿ ਕੇ ਇੱਜ਼ਤ ਬਖ਼ਸ਼ੀ ਜਾਂਦੀ ਹੈ, ਹੀਰ ਦਾ ਜਨਮ ਸਿਆਲ ਜਾਤੀ ਦੇ ਰਾਜਪੂਤ ਚੂਚਕ ਦੇ ਘਰ ਹੋਇਆ। ਹੀਰ ਦੀ ਮਾਂ ਦਾ ਨਾਮ ਮਲਕੀ ਸੀ। ਜਨਮ ਸਥਾਨ ਝਨਾ (ਚਨਾਬ) ਦੇ ਕਿਨਾਰੇ ਵਸਿਆ ਪਿੰਡ ਝੰਗ ਸੀ। ਕਿੱਸੇ ਦਾ ਨਾਇਕ ਰਾਂਝਾ ਤਖ਼ਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੰਜ ਪੁੱਤਰਾਂ ਵਿੱਚੋਂ ਸਭ ਤੋਂ ਛੋਟਾ ਸੀ। ਛੋਟੇ ਹੁੰਦਿਆਂ ਹੀ ਰਾਂਝੇ ਅਤੇ ਹੀਰ ਦੀ ਮੰਗਣੀ ਹੋ ਚੁੱਕੀ ਸੀ ਪਰ ਸਮੇਂ ਦਾ ਕਹਿਰ ਮੌਜੂ ਦੀ ਆਰਥਿਕ ਹਾਲਤ ਪਤਲੀ ਹੋ ਗਈ ਜਿਸ ਕਾਰਨ ਹੀਰ ਦੇ ਮਾਮੇ ਕੈਦੋਂ ਨੇ ਹੀਰ ਦੇ ਮਾਪਿਆਂ ਤੋਂ ਇਸ ਰਿਸ਼ਤੇ ਨੂੰ ਤੁੜਵਾ ਦਿੱਤਾ। ਆਤਮ-ਸਨਮਾਨ ਟੁੱਟ ਜਾਣ ਕਾਰਨ ਮੌਜੂ ਕੁਝ ਸਮਾਂ ਬਿਮਾਰ ਰਹਿ ਕੇ ਅਕਾਲ ਚਲਾਣਾ ਕਰ ਗਿਆ। ਭਾਈਆਂ ਤੇ ਭਰਜਾਈਆਂ ਦੀ ਬੇਰੁਖੀ ਅਤੇ ਹੀਰ ਦੀ ਚਾਹਨਾ ਕਾਰਨ ਰਾਂਝਾ ਤਖ਼ਤ ਹਜ਼ਾਰਾ ਛੱਡ ਕੇ ਕਈ ਮੁਸੀਬਤਾਂ ਝੱਲਦਾ ਹੋਇਆ ਕਿਸੇ ਤਰੀਕੇ ਚੂਚਕ ਦੀਆਂ ਮੱਝਾਂ ਦਾ ਛੇੜੂ ਬਣ ਜਾਂਦਾ ਹੈ। ਹੀਰ ਬੇਲੇ ਵਿੱਚ ਉਸ ਨੂੰ ਮਿਲਦੀ ਹੈ, ਜਿਸ ਦੀ ਭਿਣਕ ਮਾਮੇ ਕੈਦੋਂ ਨੂੰ ਪੈ ਜਾਂਦੀ ਹੈ ਅਤੇ ਹੀਰ ਦਾ ਵਿਆਹ ਰੰਗਪੁਰ (ਜ਼ਿਲ੍ਹਾ ਮੁਜ਼ੱਫਰਗੜ੍ਹ) ਨਿਵਾਸੀ ਖੇੜੇ ਜਾਤਿ ਦੇ ਸੈਦੇ ਨਾਲ ਕਰ ਦਿੱਤਾ ਜਾਂਦਾ ਹੈ। ਰਾਂਝਾ ਵੀ ਗੋਰਖ ਨਾਥ ਤੋਂ ਜੋਗ ਲੈ, ਜੋਗੀ ਬਣ ਰੰਗਪੁਰ ਡੇਰੇ ਲਾ ਲੈਂਦਾ ਹੈ। ਹੀਰ ਦੀ ਨਨਾਣ ਸਹਿਤੀ ਦੀ ਸਕੀਮ ਅਨੁਸਾਰ ਹੀਰ ਅਤੇ ਰਾਂਝਾ ਰੰਗਪੁਰ ਤੋਂ ਨੱਸ ਜਾਂਦੇ ਹਨ। ਫਿਰ ਫੜੇ ਪਕੜ ਕੇ ਅਦਲੀ ਰਾਜੇ ਦੇ ਦਰਬਾਰ ਵਿੱਚ ਪੇਸ਼ ਕੀਤੇ ਜਾਂਦੇ ਹਨ, ਜਿੱਥੇ ਅਦਲੀ ਰਾਜਾ ਹੀਰ ਰਾਂਝੇ ਨਾਲ ਤੋਰ ਦਿੰਦਾ ਹੈ। ਕਈ ਕਿੱਸਾਕਾਰ ਕਹਿੰਦੇ ਹਨ ਕਿ ਦੋਵੇਂ ਹੱਜ ਨੂੰ ਚਲੇ ਗਏ। ਕਈ ਕਿੱਸਾਕਾਰਾਂ ਅਨੁਸਾਰ ਹੀਰ ਦੇ ਮਾਪੇ ਦੋਵਾਂ ਨੂੰ ਵਿਆਹ ਦੀ ਮਨਜ਼ੂਰੀ ਦੇ ਕੇ ਹੀਰ ਨੂੰ ਕੈਦੋ ਤਿਆਂ ਕੇ ਜ਼ਹਿਰ ਦੇ ਕੇ ਮਾਰ ਦਿੰਦੇ ਹਨ। ਇਕ ਵਾਕਿਆ ਸੰਮਤ ।ਤ੦ ਦਾ ਹੈ। ਰਾਂਝਾ ਹੀਰ ਦੇ ਮਰਨ ਦੀ ਖ਼ਬਰ ਸੁਣ ਕੇ ਹੀਰ ਦੀ ਕਬਰ ਤੇ ਪੁੱਜ ਕੇ ਆਪਣੀ ਜਾਨ ਦੇ ਦਿੰਦਾ ਹੈ।

Scanned by CamScanner

ਹਾਤਮ :- ਹਾਤਮ ਤਾਈ ਵੰਸ਼ ਦਾ ਅਰਬ ਦੇਸ ਦਾ ਸਰਦਾਰ ਸੀ ਜੋ ਬਹੁਤ ਹੀ ਨੀਤੀਵਾਨ, ਦਾਨੀ ਅਤੇ ਵੱਡਾ ਧਰਮਾਤਮਾ ਸੀ। ਇਸ ਦਾ ਜੀਵਨ ਕਾਲ ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਦਾ ਹੈ। ਤਾਈ ਵੰਸ਼ ਦਾ ਹੋਣ ਕਾਰਨ ਇਸ ਨੂੰ ਹਾਤਮ ਤਾਈ ਕਿਹਾ ਜਾਂਦਾ ਹੈ। ਇਹ ਬਹੁਤ ਦਾਨੀ ਅਤੇ ਸਖੀ ਸੀ, ਇਸ ਦੇ ਕਾਰਨਾਮਿਆਂ ਦੀਆਂ ਸਿੱਖਿਆ ਭਰੀਆਂ ਕਹਾਣੀਆਂ ਅੱਜ ਵੀ ਅਨੇਕਾਂ ਜ਼ੁਬਾਨਾਂ ਵਿੱਚ ਅਨੁਵਾਦ ਹੋ ਕੇ ਲੋਕ ਮਨਾਂ ਵਿੱਚ ਵਸੀਆਂ ਹੋਈਆਂ ਹਨ। ਮੀਰ ਸਾਮੀ ਨਾਮ ਦਾ ਸ਼ਹਿਜ਼ਾਦਾ ਹੁਸਨ ਬਾਨੋ ਨਾਂ ਦੀ ਇੱਕ ਖ਼ੂਬਸੂਰਤ ਮੁਟਿਆਰ ਨੂੰ ਪਿਆਰ ਕਰਦਾ ਸੀ। ਉਹ ਉਸ ਨਾਲ਼ ਵਿਆਹ ਕਰਵਾਉਣਾ ਚਾਹੁੰਦਾ ਸੀ ਪਰ ਹੁਸਨ ਬਾਨੋ ਉਸ ਅੱਗੇ ਸਵਾਲ/ਸ਼ਰਤ ਰੱਖਦੀ ਹੈ ਕਿ ਜੇਕਰ ਉਹ ਮੇਰੇ ਸਵਾਲਾਂ ਦਾ ਜਵਾਬ ਦੇ ਦੇਵੇਗਾ ਤਾਂ ਹੀ ਉਸ ਨਾਲ਼ ਵਿਆਹ ਕਰ ਸਕੇਗਾ।

ਪਰੇਸ਼ਾਨ ਸ਼ਹਿਜ਼ਾਦੇ ਦਾ ਮੇਲ ਹਾਤਮ ਨਾਲ਼ ਹੋ ਜਾਂਦਾ ਹੈ। ਹਾਤਮ ਉਸ ਦੀ ਕਹਾਣੀ ਸੁਣ ਕੇ ਉਸ ਦੀ ਮਦਦ ਕਰਨ ਨੂੰ ਤਿਆਰ ਹੋ ਜਾਂਦਾ ਹੈ। ਉਹ ਸ਼ਹਿਜ਼ਾਦੇ ਨੂੰ ਵਚਨ ਦਿੰਦਾ ਹੈ ਕਿ ਉਸ ਦੇ ਸਾਰੇ ਸਵਾਲਾਂ ਦੇ ਜਵਾਬ ਉਹ ਲਿਆ ਕੇ ਦੇਵੇਗਾ। ਹਰ ਸਵਾਲ ਅੱਗੋਂ ਹੋਰ ਸਵਾਲ ਬਣਦਾ ਜਾਂਦਾ ਹੈ। ਹਰ ਸਵਾਲ ਦੀ ਰੌਚਕ ਤੇ ਸਿੱਖਿਆਦਾਇਕ ਕਹਾਣੀ ਅੱਗੋਂ ਹੋਰ ਸਵਾਲ ਖੜ੍ਹਾ ਕਰ ਦਿੰਦੀ ਹੈ। ਹਾਤਮ ਆਪਣੀ ਜਾਨ ਜੋਖਮ ਵਿੱਚ ਪਾਉਂਦਿਆਂ ਹੁਸਨ ਬਾਨੋ ਦੇ ਹਰ ਸਵਾਲ ਦਾ ਜਵਾਬ ਲਿਆ ਦਿੰਦਾ ਹੈ ਅਤੇ ਆਖਰ ਤੇ ਆਪਣਾ ਵਚਨ ਪੂਰਾ ਕਰਦਿਆਂ ਮਾਰਿਆ ਜਾਂਦਾ ਹੈ। ਸਚਾਈ ਤੇ ਨੇਕੀ ਦੀ ਜਿੱਤ ਦੇ ਇਹਨਾਂ ਸਵਾਲਾਂ ਤੋਂ ਹੁਸਨਬਾਨੋ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਂਦੀ ਹੈ ਅਤੇ ਸ਼ਹਿਜਾਦੇ ਸਾਮੀ ਨਾਲ਼ ਵਿਆਹ ਕਰ ਲੈਂਦੀ ਹੈ।

Scanned by CamScanner

ਹੀਰਾ ਹਰਨ :- ਰਾਜਾ ਰਸਾਲੂ (ਪੂਰਨ ਭਗਤ ਦਾ ਮਤਰੇਆ ਭਰਾ) ਸ਼ਿਕਾਰ ਦਾ ਬੜਾ ਸ਼ੁਕੀਨ ਸੀ। ਇੱਕ ਦਿਨ ਜਦ ਉਹ ਸ਼ਿਕਾਰ ਤੋਂ ਪਰਤਿਆ ਤਾਂ ਕੋਕਲਾਂ ਨੇ ਉਸ ਤੋਂ ਪੁੱਛਿਆ ਕਿ ਤੁਸੀਂ ਕਿਵੇਂ ਪਕੜਦੇ ਹੋ ਤਾਂ ਰਸਾਲੂ ਨੇ ਕਿਹਾ ਕਿ ਸਭ ਕਾਰਨ ਉਸ ਵਿੱਚ ਰਹੱਸਮਈ ਸ਼ਕਤੀ ਹੈ। ਜਦ ਉਹ ਤੀਰ ਛੱਡਦਾ ਹੈ ਤਾਂ ਸ਼ਿਕਾਰ ਉਸ ਵੱਲ ਸੱਤ ਕਦਮ ਅੱਗੇ ਹੋ ਕੇ ਭੋਇੰ ਤੇ ਡਿੱਗ ਪੈਂਦਾ ਹੈ। ਅਗਲੇ ਦਿਨ ਸ਼ਿਕਾਰ ਤੇ ਜਾਣ ਸਮੇਂ ਰਾਣੀ ਵੀ ਉਸ ਨਾਲ ਘੋੜੇ ਤੇ ਬੈਠ ਗਈ। ਰਸਾਲੂ ਨੇ ਤੀਰ ਮਾਰਿਆ ਤਾਂ ਹਿਰਨ ਸੱਤ ਕਦਮ ਪਿੱਛੇ ਹੋ ਕੇ ਡਿੱਗਿਆ। ਕੋਕਲਾਂ ਦੇ ਪੁੱਛਣ ਤੇ ਰਾਜੇ ਨੇ ਕਿਹਾ ਕਿ ਕੋਕਲਾਂ ਦੇ ਉਸ ਦੇ ਨਾਲ ਘੋੜੇ ਤੇ ਬੈਠਣ ਕਾਰਨ ਹੀ ਅਜਿਹਾ ਹੋਇਆ ਹੈ।

ਕੋਕਲਾਂ ਨੇ ਕਿਹਾ ਕਿ ਉਹ ਹੱਥ ਨਾਲ ਹਿਰਨ ਫੜ ਸਕਦੀ ਹੈ ਅਤੇ ਉਸ ਨੇ ਆਪਣੇ ਮਹਿਕਾਂ ਭਿੰਨੇ ਕੇਸ ਖਿਲਾਰ ਦਿੱਤੇ। ਜੰਗਲ ਵਿੱਚ ਕਸਤੂਰੀ ਵਾਂਗ ਮਹਿਕ ਫੈਲ ਗਈ ਅਤੇ ਹਿਰਨਾਂ ਦੀਆਂ ਡਾਰਾਂ ਆ ਗਈਆਂ। ਹਿਰਨਾਂ ਦਾ ਸਰਦਾਰ ਹੀਰਾ ਹਿਰਨ ਸਭ ਤੋਂ ਅੱਗੇ ਸੀ। ਰਸਾਲੂ ਕੋਲ ਤੀਰ ਕਮਾਨ ਵੇਖ ਕੇ ਹੀਰੇ ਹਿਰਨ ਤੋਂ ਬਿਨਾ ਬਾਕੀ ਸਭ ਹਿਰਨ ਨੱਠ ਗਏ। ਹੀਰਾ ਲਟਬੌਰਾ ਹੋ ਕੇ ਖੜਾ ਰਿਹਾ। ਰਸਾਲੂ ਨੇ ਈਰਖਾ ਵੱਸ ਹੀਰੇ ਦੀ ਪੂਛਲ ਅਤੇ ਕੰਨ ਵੱਢ ਦਿੱਤੇ। ਅਪਮਾਨਿਤ ਹੀਰੇ ਨੇ ਬਦਲਾ ਲੈਣ ਦੀ ਠਾਣ ਲਈ। ਹੀਰਾ ਹਰਨ ਰਾਜੇ ਹੋਡੀ ਦੇ ਦੇਸ ਚਲਾ ਗਿਆ। ਹਿਰਨਾ ਦੀਆਂ ਡਾਰਾਂ ਨੇ ਰਜੇ ਹੋਡੀ ਦਾ ਸਾਰਾ ਬਾਗ ਉਜਾੜ ਦਿੱਤਾ। ਜਦ ਰਾਜਾ ਹੋਡੀ ਹੀਰੇ ਹਿਰਨ ਨੂੰ ਫੜਨ ਲਈ ਉਸ ਦੇ ਪਿੱਛੇ ਪਿੱਛੇ ਭੱਜਿਆ ਆਇਆ ਤਾਂ ਹੀਰਾ ਹਿਰਨ ਉਸ ਨੂੰ ਰਾਣੀ ਕੋਕਲਾਂ ਦੇ ਮਹਿਲ ਥੱਲੇ ਲੈ ਆਇਆ, ਜਿੱਥੇ ਰਾਣੀ ਕੋਕਲਾਂ ਹੋਡੀ ਨੂੰ ਵੇਖਦੇ ਹੀ ਫ਼ਿਦਾ ਹੋ ਗਈ ਅਤੇ ਉਸ ਨੇ ਰਾਜੇ ਰਸਾਲੂ ਨਾਲ ਬੇਵਫ਼ਾਈ ਕਰ ਦਿੱਤੀ। ਉਸ ਸਮੇਂ ਰਾਜਾ ਰਸਾਲੂ ਸ਼ਿਕਾਰ ਖੇਡਣ ਗਿਆ ਹੋਇਆ ਸੀ। ਇਸ ਤਰ੍ਹਾਂ ਹੀਰੇ ਹਿਰਨ ਨੇ ਆਪਣੇ ਅਪਮਾਨ ਦਾ ਬਦਲਾ ਰਾਜੇ ਰਸਾਲੂ ਤੋਂ ਲਿਆ।

Scanned by CamScanner

Date :
Page :

ਹਰੀਸ਼ ਚੰਦਰ :- ਰਾਜਾ ਹਰੀਸ਼ ਚੰਦਰ ਬੜਾ ਦਿਆਲੂ, ਸਤਿਵਾਦੀ ਅਤੇ ਦਾਨੀ ਰਾਜਾ ਸੀ। ਇਹ ਰਾਜੇ ਤ੍ਰਿਸ਼ੰਕੂ ਦਾ ਪੁੱਤਰ ਅਤੇ ਸੂਰਜ ਬੰਸੀ ਕੁੱਲ ਦਾ ਅਠਾਈਵਾਂ ਰਾਜਾ ਸੀ। ਰਿਸ਼ੀ ਵਿਸ਼ਵਾਮਿੱਤਰ ਨੇ ਇਸ ਦੀ ਪਰੀਖਿਆ ਲੈਣ ਲਈ ਇਸ ਤੋਂ ਦਾਨ ਵਿੱਚ ਰਾਜ ਭਾਗ ਮੰਗ ਲਿਆ। ਇਸ ਨੇ ਰਿਸ਼ੀ ਦੀ ਪ੍ਰਸੰਨਤਾ ਅਤੇ ਧਰਮ ਪਾਲਣ ਹਿੱਤ ਸਾਰਾ ਰਾਜ ਭਾਗ ਅਤੇ ਸੰਪਤੀ ਦਾਨ ਦੇ ਦਿੱਤੀ ਅਤੇ ਤਨ ਦੇ ਕੱਪੜਿਆਂ, ਪਤਨੀ ਅਤੇ ਪੁੱਤਰ ਸਮੇਤ ਸੰਨਿਆਸ ਲੈ ਕੇ ਬਨਾਰਸ ਚਲਾ ਗਿਆ। ਰਿਸ਼ੀ ਵਿਸ਼ਵਾਮਿੱਤਰ ਵੀ ਉੱਥੇ ਪੁੱਜ ਗਿਆ ਅਤੇ ਫਿਰ ਦੱਛਣਾ ਮੰਗੀ। ਧਰਮੀ ਹਰੀਸ਼ ਚੰਦਰ ਨੇ ਦਾਨ ਪੂਰਤੀ ਲਈ ਆਪਣੀ ਪਤਨੀ ਅਤੇ ਬੱਚੇ ਸਮੇਤ ਆਪਣੇ ਆਪ ਨੂੰ ਵੇਚ ਦਿੱਤਾ। ਹਰੀਸ ਚੰਦਰ ਦੀ ਪਤਨੀ ਤਾਰਾਮਤੀ ਨੂੰ ਕਿਸੇ ਦੇ ਘਰ ਨੌਕਰਾਣੀ ਬਣ ਕੇ ਕੰਮ ਕਰਨਾ ਪਿਆ। ਧਰਮ ਰਾਜ ਨੇ ਚੰਡਾਲ ਦਾ ਰੂਪ ਧਾਰਨ ਕੀਤਾ ਅਤੇ ਖੁਦ ਹਰੀਸ਼ ਚੰਦਰ ਨੂੰ ਖਰੀਦ ਲਿਆ ਅਤੇ ਮੁਰਦਿਆਂ ਦੇ ਕਫ਼ਨ ਇਕੱਠੇ ਕਰਨ ਤੇ ਲਗਾ ਦਿੱਤਾ। ਸਾਲ ਭਰ ਹਰੀਸ਼ ਚੰਦਰ ਸ਼ਮਸ਼ਾਨ ਘਾਟ ਤੇ ਇਹ ਕੰਮ ਕਰਦਾ ਰਿਹਾ। ਇੱਕ ਦਿਨ ਅਚਾਨਕ ਹਰੀਸ ਚੰਦਰ ਦੇ ਲੜਕੇ ਦੀ ਰੋਹਿਤ ਦੀ ਸੱਪ ਦੇ ਡੰਗਣ ਨਾਲ ਮੌਤ ਹੋ ਜਾਂਦੀ ਹੈ। ਗ਼ਰੀਬ ਤੇ ਲਾਚਾਰ ਉਸ ਦੀ ਪਤਨੀ ਪੁੱਤਰ ਦਾ ਅੰਤਿਮ ਸੰਸਕਾਰ ਕਰਨ ਲਈ ਸ਼ਮਸ਼ਾਨ ਘਾਟ ਤੇ ਆਉਂਦੀ ਹੈ ਤਾਂ ਦੋਵੇਂ ਇੱਕ ਦੂਜੇ ਨੂੰ ਪਹਿਚਾਣ ਲੈਂਦੇ ਹਨ ਪਰ ਹਰੀਸ਼ ਚੰਦਰ ਆਪਣੀ ਪਤਨੀ ਤੋਂ ਪੈਸੇ ਲਏ ਬਿਨਾਂ ਸਸਕਾਰ ਨਹੀਂ ਕਰਨ ਦਿੰਦਾ। ਕਈ ਕਥਾਵਾਂ ਅਨੁਸਾਰ ਦੋਨੋ ਪਤੀ ਪਤਨੀ ਆਪਣੇ ਦੁੱਖਾਂ ਤੋਂ ਛੁਟਕਾਰੇ ਲਈ ਚਿਖਾ ਵਿੱਚ ਸੜ ਮਰਨ ਲਈ ਤਿਆਰ ਹੋ ਜਾਂਦੇ ਹਨ। ਉਹਨਾਂ ਦੀ ਇਸ ਕੁਰਬਾਨੀ ਤੋਂ ਖੁਸ਼ ਹੋ ਕੇ ਧਰਮਰਾਜ ਅਤੇ ਵਿਸ਼ਵਾਮਿੱਤਰ ਪ੍ਰਗਟ ਹੋ ਕੇ ਰੋਹਿਤ ਨੂੰ ਜ਼ਿੰਦਾ ਕਰ ਦਿੰਦੇ ਹਨ। ਫਿਰ ਰੋਹਿਤ ਨੂੰ ਰਾਜ ਭਾਗ ਸੌਂਪ ਕੇ ਰਾਜਾ ਹਰੀਸ਼ ਚੰਦਰ ਸਵਰਗ ਪੁਰੀ ਵਿੱਚ ਜਾ ਰਹਿਣ ਲੱਗਦਾ ਹੈ।

Scanned by CamScanner

ਹੁਸਨ ਬਾਨੋ: ਇਮਾਮ ਬਖਸ਼ ਦੇ ਕਿੱਸੇ ਦੇ ਅਨੁਸਾਰ ਦਿਉਆਂ ਅਤੇ ਪਰੀਆਂ ਦੇ ਬਾਦਸ਼ਾਹ ਸੁਲੇਮਾਨ ਦੀ ਲੜਕੀ ਪਰੀ ਹੁਸਨ ਬਾਨੋ ਸ਼ਾਹ ਬਹਿਰਾਮ ਨਾਲ ਪਿਆਰ ਕਰਦੀ ਸੀ। ਹੁਸਨ ਬਾਨੋ ਦਾ ਪਰਿਵਾਰ ਸਬਜ਼ ਸ਼ਹਿਰ ਵਿੱਚ ਰਹਿੰਦਾ ਸੀ। ਸਫ਼ੈਦ ਦਿਓ ਹੁਸਨ ਬਾਨੋ ਨੂੰ ਦਿਲੋਂ ਚਾਹੁੰਦਾ ਸੀ। ਉਸ ਨੇ ਹੁਸਨ ਬਾਨੋ ਦਾ ਦਿਲ ਜਿੱਤਣ ਲਈ ਇੱਕ ਬੜਾ ਹੀ ਸੁੰਦਰ ਮਹਿਲ ਅਤੇ ਬਾਗ਼ ਬਣਵਾਇਆ। ਇੱਕ ਦਿਨ ਜਦੋਂ ਹੁਸਨ ਬਾਨੋ ਹੌਜ਼ ਵਿੱਚ ਨਹਾ ਰਹੀ ਸੀ ਤਾਂ ਸ਼ਾਹ ਬਹਿਰਾਮ ਨੇ ਉਸ ਦੇ ਕੱਪੜੇ ਚੁਰਾ ਲਏ। ਜਦ ਦੋਹਾਂ ਵਿੱਚ ਪ੍ਰੇਮ ਪਿਆਰ ਦੇ ਕੌਲ ਇਕਰਾਰ ਹੋ ਗਏ ਤਾਂ ਉਸ ਨੇ ਕੱਪੜੇ ਵਾਪਸ ਕੀਤੇ। ਸਫ਼ੈਦ ਦਿਓ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਮਾਯੂਸ ਹੋ ਕੇ ਆਪਣੇ ਦੇਸ ਚਲਾ ਗਿਆ ਅਤੇ ਹੁਸਨ ਬਾਨੋ ਦਾ ਖਿਆਲ ਛੱਡ ਦਿੱਤਾ। ਸ਼ਾਹ ਬਹਿਰਾਮ ਵੀ ਕੋਹ ਕਾਫ਼ ਤੋਂ ਆਪਣੇ ਦੇਸ ਫਾਰਸ ਚਲਾ ਗਿਆ। ਹੁਸਨ ਬਾਨੋ ਦੇ ਮਾਪੇ ਆਪਣੇ ਰੀਤੀ ਰਿਵਾਜਾਂ ਅਨੁਸਾਰ ਉਸ ਦਾ ਵਿਆਹ ਕਿਸੇ ਦਿਓ ਨਾਲ ਕਰਨਾ ਚਾਹੁੰਦੇ ਸਨ। ਹੁਸਨ ਬਾਨੋ ਦੀ ਰਜ਼ਾਮੰਦੀ ਲਈ ਉਸ ਨੂੰ ਕੈਦ ਕਰਕੇ ਤਸੀਹੇ ਵੀ ਦਿੱਤੇ ਗਏ ਪਰ ਹੁਸਨ ਬਾਨੋ ਆਪਣੇ ਸਿਦਕ ਤੇ ਪੱਕੀ ਰਹੀ।

ਉਧਰ ਸ਼ਾਹ ਬਹਿਰਾਮ ਹੁਸਨ ਬਾਨੋ ਨੂੰ ਮਿਲਣ ਲਈ ਅਨੇਕਾਂ ਦੁੱਖ ਤਕਲੀਫਾਂ ਭੋਗਦਾ ਹੋਇਆ ਸਬਜ਼ ਸ਼ਹਿਰ ਪੁੱਜਿਆ ਅਤੇ ਹੁਸਨ ਬਾਨੋ ਨੂੰ ਬੰਦੀ ਖਾਨੇ ਵਿੱਚੋਂ ਮੁਕਤ ਕਰਵਾ ਕੇ ਉਸ ਨਾਲ ਵਿਆਹ ਕਰਕੇ ਆਪਣੇ ਨਾਲ ਆਪਣੇ ਦੇਸ਼ ਲੈ ਗਿਆ।

Scanned by CamScanner